ਲਿਸ਼ਕ

# ਲਿਸ਼ਕ

ਦਰਬਾਰਾ ਸਿੰਘ

ਲੋਕਗੀਤ ਪ੍ਰਕਾਸ਼ਨ

International Publishers
of Indian and Foreign Languages

**Representation Offices**

• 596 Street, Madera, California-93638
• 8 Automatic Rd, Unit 2C, Brampton L6S 3N5, Canada

ISBN : 978-93-5068-286-9

Price : Rs. 175/-

# Lishak

*by*

**Darbara Singh**

Mobile : 98141 95008

2013
Lokgeet Parkashan
S.C.O. 26-27, Sector 34 A, Chandigarh-160022
Ph.0172-5077427, 5077428
lokgeetparkashan@gmail.com

Punjabi Bhawan, Ludhiana
Printed & bound at Unistar Books Pvt. Ltd.
301, Industrial Area, Phase-9,
S.A.S. Nagar, Mohali-Chandigarh (India)
Mob: 98154-71219

*© 2013*

*Produced and bound in India*

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

**ਸਮਰਪਣ**

ਸਤਿਕਾਰ ਅਤੇ ਸਨੇਹ ਸਹਿਤ
ਦੀਦੀ ਦਲੀਪ ਕੌਰ ਟਿਵਾਣਾ ਨੂੰ
ਜਿਨ੍ਹਾਂ ਦੀ ਪ੍ਰੇਰਨਾ ਅਤੇ ਸੇਧ
ਮਾਰਗ ਦਰਸ਼ਕ ਦਾ ਫਰਜ਼
ਨਿਭਾਓਂਦੀ ਰਹੀ

**ਤਹਿ ਦਿਲੋਂ ਧੰਨਵਾਦ**

- ਮੇਰੀ ਪਤਨੀ ਮਹਿੰਦਰ ਅਤੇ ਪਰਿਵਾਰ
- ਨਵਤੇਜ ਭਾਰਤੀ, ਡਾ: ਰਜਿੰਦਰਪਾਲ ਬਰਾੜ
- ਅਮਰਜੀਤ ਸਾਥੀ, ਡਾ:ਚਰਨਜੀਤ ਕੌਰ

# ਬੀਰ ਬਹੁਟੀਆਂ ਦਾ ਕਵੀ

ਮੈਂ ਦਰਬਾਰਾ ਸਿੰਘ ਨੂੰ ਓਦੋਂ ਦਾ ਜਾਣਦਾ ਹਾਂ ਜਦੋਂ ਉਹਨੇ ਪਹਿਲੀ ਕਵਿਤਾ ਲਿਖੀ ਸੀ ਤੇ ਜਦੋਂ ਪਟਿਆਲੇ ਦੀ ਬਾਰਾਂਦਰੀ ਵਿਚ ਜਾਮਨੂੰਆਂ ਨੂੰ ਪਹਿਲਾ ਬੂਰ ਪਿਆ ਸੀ।

ਉਹਨੂੰ ਹਾਇਕੂ ਤਕ ਆਉਂਦਿਆਂ ਅੱਧੀ ਸਦੀ ਲਗ ਗਈ ਹੈ। ਕਹਿੰਦੇ ਹਨ ਇਹ ਵਿਸ਼ਵ ਦੀ ਸਭ ਤੋਂ ਛੋਟੀ ਕਵਿਤਾ ਹੈ। ਹੋਵੇਗੀ। ਪਰ ਦਰਬਾਰਾ ਸਿੰਘ ਲਈ ਇਹਦੀ ਹਰ ਪੰਕਤੀ 17 ਵਰ੍ਹੇ ਲੰਬੀ ਹੈ ਤੇ ਅਜੇ ਵੀ ਉਹ ਰਾਹ ਵਿਚ ਹੀ ਹੈ।

ਹਾਇਕੂ ਹੈ ਹੀ ਰਾਹ ਦੀ ਕਵਿਤਾ। ਜਪਾਨੀ ਸੰਤ ਇਹਨੂੰ ਰਾਹ ਵਾਙੂੰ ਹੀ ਲਿਖਦੇ ਸਨ, ਇਕੋ ਪੰਕਤੀ ਵਿਚ। ਇਹ ਪੰਕਤੀ ਆਦਿ ਤੋਂ ਅਰੰਭ ਨਹੀਂ ਹੁੰਦੀ, ਨਾ ਅੰਤ ਤੇ ਸਮਾਪਤ। ਦੋਹਾਂ ਸਿਰਿਆਂ ਤੇ ਚੁੱਪ ਹੈ, ਸ਼ੁੱਧ ਹੋਂਦ। ਪੰਕਤੀ ਏਸ ਚੁਪ ਵਿਚ ਪਰਵੇਸ਼ ਕਰ ਜਾਂਦੀ ਹੈ। ਹਾਇਕੂ ਦਾ ਕਰਮ ਇਸ ਹੋਂਦ ਵਲ ਸੈਨਤ ਕਰਨਾ ਹੈ। ਹਾਇਕੂ ਸੈਨਤ ਕਰਨ ਵਾਲੀ ਉਂਗਲ ਹੈ। ਵਡਿਆਈ ਉਂਗਲ ਦੀ ਨਹੀਂ, ਸੈਨਤ ਦੀ ਹੈ ਤੇ ਉਹਦੀ ਜਿਸ ਵਲ ਸੈਨਤ ਹੁੰਦੀ ਹੈ। ਉਂਗਲ ਸਜੀ ਧਜੀ, ਹਾਰੀ ਸ਼ਿੰਗਾਰੀ ਨਹੀਂ ਹੋਣੀ ਚਾਹੀਦੀ, ਕਿ ਵੇਖਣ ਵਾਲੀ ਅੱਖ ਇਸੇ ਤੇ ਅਟਕੀ ਰਹਿ ਜਾਵੇ।

ਪੰਜਾਬੀ ਦੀ ਬਹੁਤੀ ਹਾਇਕੂ ਰਚਨਾ ਤਿੰਨ ਪੰਕਤੀਆਂ ਤੋਂ ਅੱਗੇ ਨਹੀਂ ਜਾਂਦੀ। ਉਂਗਲ ਸ਼ਿੰਗਾਰਨ ਉਤੇ ਟਿਕੀ ਹੋਈ ਹੈ। ਅਸੀਂ ਅਜੇ ਸੋਲਾਂ ਸ਼ਿੰਗਾਰ ਤੇ ਤੋਲ ਤੁਕਾਂਤ ਦੇ ਮੋਹ ਤੋਂ ਮੁਕਤ ਨਹੀਂ ਹੋਏ। ਇਹ ਸੁਭਾਵਕ ਹੈ, ਨਵੀਂ ਸੰਵੇਦਨਾ ਦੀ ਘਾੜਤ ਵਿਚ ਵਰ੍ਹਿਆਂ ਦੀ ਗਿਣਤੀ ਨਹੀਂ ਹੁੰਦੀ। ਵਡਿਆਈ ਇਹਦੇ ਘੜਨ ਵਾਲਿਆਂ ਦੇ ਸਿਰੜ ਵਿਚ ਹੁੰਦੀ ਹੈ, ਪ੍ਰਾਪਤੀ ਵਿਚ ਨਹੀਂ। ਇਹਨਾਂ ਸਾਧਕਾਂ ਵਿਚ ਦਰਬਾਰਾ ਸਿੰਘ ਦਾ ਨਾਂ ਵਰਣਨ ਯੋਗ ਹੈ।

ਇਕ ਹਾਇਕੂ ਵਿਚ ਦਰਬਾਰਾ ਸਿੰਘ ਮੀਂਹ ਪੈਣ ਪਿੱਛੋਂ ਘੁੰਮਦੀਆਂ ਬੀਰ ਬਹੁਟੀਆਂ ਦਾ ਦਰਸ ਕਰਵਾਉਂਦਾ ਹੈ:

ਟਿੱਬੀਂ ਸੂਹੇ ਫੁੱਲ
ਰੁਤ ਦੀ ਪਹਿਲੀ ਬਾਰਸ਼
ਘੁੰਮਣ ਬੀਰ ਬਹੁਟੀਆਂ

ਪੰਜਾਬੀ ਹਾਇਕੂ ਵਿਚ ਇਹੋ ਜਿਹੀ ਰਚਨਾ ਸ਼ੁਭ ਸਗਨ ਹੈ ਤੇ ਲਗਦਾ ਹੈ ਉਹ ਵੇਲਾ ਹੁਣ ਦੂਰ ਨਹੀਂ ਰਿਹਾ ਜਦੋਂ ਕਵੀ ਬੀਰ ਬਹੁਟੀਆਂ ਨੂੰ ਟਿੱਬਿਆਂ ਦੇ ਸੂਹੇ ਫੁੱਲ ਕਹਿਣ ਤੋਂ ਤੇ ਸ਼ਬਦ ਘੁੰਮਦੀਆਂ ਵਰਤਣ ਤੋਂ ਸੰਕੋਚ ਕਰੇਗਾ। ਚੀਜ਼ਾਂ ਨੂੰ ਸਿੱਧੇ ਮੱਥੇ ਮਿਲੇਗਾ।

ਮੈਂ ਲਿਸ਼ਕ ਨੂੰ ਜੀਅ ਆਇਆਂ ਆਖਦਾ ਹਾਂ ਤੇ ਦਰਬਾਰਾ ਸਿੰਘ ਨੂੰ ਵਧਾਈ ਦਿੰਦਾ ਹਾਂ।

**- ਨਵਤੇਜ ਭਾਰਤੀ**

# ਭੂਮਿਕਾ

ਹਾਇਕੂ ਤਿੰਨ ਸਤਰੀ ਜਾਪਾਨੀ ਕਾਵਿ ਵਿਧਾ ਹੈ ਜਿਸ ਵਿਚ ਜਾਪਾਨੀ ਭਾਸ਼ਾ ਦੇ ਪੰਜ-ਸੱਤ-ਪੰਜ ਕੁੱਲ ਸਤਾਰਾਂ ਉਚਾਰ-ਖੰਡਾਂ ਅਨੁਸਾਰ ਮੌਸਮ ਦੀ ਤਬਦੀਲੀ ਰਾਹੀਂ ਕੁਦਰਤ ਜਾਂ ਜ਼ਿੰਦਗੀ ਦੇ ਕਿਸੇ ਇਕ ਵਾਪਰ ਰਹੇ ਦਿਸਦੇ ਪਲ ਨੂੰ ਹੁਣ ਦੀ ਘੜੀ ਵਿਚ ਪਕੜਿਆ ਜਾਂਦਾ ਹੈ। ਜਾਪਾਨ ਤੋਂ ਇਸ ਕਾਵਿ ਵਿਧਾ ਦਾ ਪਾਸਾਰ ਦੁਨੀਆਂ ਦੀਆਂ ਸਾਰੀਆਂ ਪ੍ਰਮੁੱਖ ਭਾਸ਼ਾਵਾਂ ਵਿਚ ਹੋ ਗਿਆ ਹੈ ਅਤੇ ਪਿਛਲੇ ਕੁਝ ਸਾਲਾਂ ਤੋਂ ਇਹ ਪੰਜਾਬੀ ਵਿਚ ਵੀ ਪ੍ਰਚੱਲਤ ਹੋ ਰਹੀ ਵਿਧਾ ਹੈ। ਇਸ ਦੀ ਕਨਸੋਅ ਤਾਂ ਪ੍ਰੋ.ਪੂਰਨ ਸਿੰਘ ਦੀ ਲਿਖਤ ਵਿਚ ਵੀ ਮਿਲਦੀ ਹੈ ਪਰ ਮੌਜੂਦਾ ਪ੍ਰਚਲਨ ਬਹੁਤਾ ਕਰਕੇ ਪਿਛਲੇ ਦਹਾਕੇ ਵਿਚ ਹੀ ਹੋਇਆ ਹੈ। ਪ੍ਰਦੇਸੀਂ ਵਸਦੇ ਪਰਵਾਸੀ ਕਵੀਆਂ ਨੇ ਨਵੇਂ ਸੰਚਾਰ ਸਾਧਨ ਵੈਬਸਾਈਟ ਤੇ ਮੌਜੂਦ ਸੋਸ਼ਲ ਸਾਈਟਸ ਅਤੇ ਬਲਾਗਾਂ ਰਾਹੀਂ ਇਸ ਨੂੰ ਵਧੇਰੇ ਪ੍ਰਚੱਲਤ ਕਰ ਦਿੱਤਾ ਹੈ।

ਕੁਝ ਮਿੱਤਰ ਹਾਇਕੂ ਦੇ ਛੰਦ ਪ੍ਰਬੰਧ ਦੀ ਵਿਸ਼ੇਸ਼ ਰੂਪਕੀ ਬਣਤਰ ਨੂੰ ਸੰਰਚਨਾ ਦੀ ਪੱਧਰ ਉਪਰ ਅਤੇ ਵਿਸ਼ੇ ਪੱਖ ਤੋਂ ਮੌਸਮ ਦੀ ਤਬਦੀਲੀ ਦੇ ਵਰਣਨ ਰਾਹੀ ਇਕ ਪਲ ਦੇ ਦ੍ਰਿਸ਼ ਚਿੱਤਰ ਨੂੰ ਵਧੇਰੇ ਮਹੱਤਵ ਦਿੰਦੇ ਹੋਏ ਇਸ ਨੂੰ ਕਰੜਾਈ ਨਾਲ ਲਾਗੂ ਕਰਨ ਦੀ ਵਕਾਲਤ ਕਰਦੇ ਹਨ। ਜਦੋਂ ਕਿ ਹਰ

ਭਾਸ਼ਾ ਅਤੇ ਸਭਿਆਚਾਰ ਦੀ ਆਪਣੀ ਤਾਸੀਰ ਹੁੰਦੀ ਹੈ,ਉਹ ਵਿਦੇਸ਼ੀ ਕਾਵਿ ਰੂਪਾਂ ਨੂੰ ਆਪਣੇ ਸ਼ਬਦ ਸਭਿਆਚਾਰ ਦੀ ਪਰੰਪਰਾ ਅਨੁਸਾਰ ਢਾਲ ਲੈਂਦੇ ਹਨ। ਇਹੋ ਕੁਝ ਹਾਇਕੂ ਕਾਵਿ ਰੂਪ ਨਾਲ ਵੀ ਵਾਪਰਿਆ। ਪੰਜਾਬੀ ਵਿਚ ਟੱਪੇ,ਦੋਹੇ ਅਤੇ ਸ਼ਲੋਕ ਵਰਗੇ ਕਈ ਲਘੂ ਕਾਵਿ-ਰੂਪ ਪਹਿਲਾਂ ਵੀ ਮੌਜੂਦ ਸਨ ਪਰ ਪੰਜਾਬੀਆਂ ਨੇ ਹਾਇਕੂ ਨੂੰ ਵੀ ਅਪਣਾ ਲਿਆ ਅਤੇ ਆਪਣੇ ਸਾਂਚੇ ਅਨੁਸਾਰ ਢਾਲ ਲਿਆ।

ਮੂਲ ਰੂਪ ਵਿਚ ਹਾਇਕੂ ਬੁੱਧ ਮੱਤ ਦੇ ਜਾਪਾਨੀ ਧਿਆਨਬੋਧ ਤੋਂ ਪ੍ਰੇਰਿਤ ਹੈ ਜਿਸ ਵਿਚ ਘਟਨਾਵਾਂ ਨੂੰ ਪੂਰਵ ਅਨੁਮਾਨਤ ਕਰਕੇ ਭਵਿੱਖੀ ਪੇਸ਼ਬੰਦੀ ਕਰਨ ਜਾਂ ਪਿਛਲ ਝਾਤ ਰਾਹੀਂ ਮੁਲੰਕਣ ਕਰਨ ਦੀ ਥਾਂ ਜੋ ਵਾਪਰ ਰਿਹਾ ਹੈ, ਉਸ ਨੂੰ ਪੂਰਵ ਆਗ੍ਰਹਿ ਦਾ ਸ਼ਿਕਾਰ ਹੋਏ ਬਿਨਾ ਨਿਰਪੱਖ ਹੋ ਕੇ ਵੇਖਣਾ ਹੈ। ਪ੍ਰਸ਼ਨ ਉਠਦਾ ਹੈ ਕਿ ਕੀ ਇਉਂ ਵੇਖਣਾ ਸੰਭਵ ਹੈ। ਮਾਨਵ ਦੀ ਤਾਂ ਹੋਣੀ ਹੀ ਦੁਖ-ਸੁਖ ਨੂੰ ਅਨੁਭਵ ਕਰਨ ਦੀ ਹੈ। ਪੂਰਨ ਸੰਤੁਸ਼ਟ ਵਿਅਕਤੀ ਹੀ ਕੁਦਰਤ ਨੂੰ ਇਉਂ ਮਾਣ ਸਕਦਾ ਹੈ। ਬਿਨਾ ਸ਼ੱਕ ਅਭਿਆਸ ਨਾਲ ਇਹ ਮਨੋਸਥਿਤੀ ਪ੍ਰਾਪਤ ਕੀਤੀ ਜਾ ਸਕਦੀ ਹੋਵੇਗੀ।ਹਾਇਕੂ ਛਿਣ ਇਹ ਅਲੌਕਿਕ ਪਲ ਹੀ ਹੁੰਦੇ ਹਨ ਜਦੋਂ ਕੁਦਰਤ ਨੂੰ ਸਾਖਸ਼ੀ ਭਾਵ ਨਾਲ ਦੇਖਿਆ ਜਾਂਦਾ ਹੈ। ਜਦੋਂ ਹਾਇਕੂ ਪੰਜਾਬੀ ਵਿਚ ਆਉਂਦਾ ਹੈ ਤਾਂ ਇਸ ਦੀ ਭਾਸ਼ਾ ਅਤੇ ਸੰਰਚਨਾਤਮਿਕ ਰੂਪ ਹੀ ਨਹੀਂ ਬਦਲ ਜਾਂਦਾ ਸਗੋਂ ਅਨੁਭਵੀ ਮਨੁੱਖ ਦੇ ਬਦਲ ਜਾਣ ਨਾਲ ਪੰਜਾਬ ਦੀ ਕੁਦਰਤ, ਪੰਜਾਬ

ਦਾ ਸਭਿਆਚਾਰ ਅਤੇ ਪੰਜਾਬੀ ਸੋਚ ਵੀ ਦਖ਼ਲਅੰਦਾਜ਼ੀ ਕਰਦੀ ਹੈ। ਇਸ ਦਾ ਪ੍ਰਮਾਣ ਦਰਬਾਰਾ ਸਿੰਘ ਦੇ ਹਾਇਕੂਆਂ ਵਿਚ ਦੇਖਿਆ ਜਾ ਸਕਦਾ ਹੈ।

ਟਿੱਬੀਂ ਸੂਹੇ ਫੁੱਲ
ਰੁੱਤ ਦੀ ਪਹਿਲੀ ਬਾਰਸ਼
ਘੁੰਮਣ ਬੀਰ ਬਹੁਟੀਆਂ

ਇਹ ਹਾਇਕੂ ਪੂਰਨ ਰੂਪ ਵਿਚ ਪੰਜਾਬੀ ਹੈ ਕਿਉਂਕਿ ਮੀਂਹ ਨਾਲ ਬੀਰ ਬਹੁਟੀਆਂ ਦਾ ਨਿਕਲਣਾ ਅਤੇ ਬੱਚਿਆਂ ਦਾ ਉਨ੍ਹਾਂ ਨੂੰ ਦੇਖ ਕੇ ਖੁਸ਼ ਹੋਣਾ, ਪੰਜਾਬੀ ਮਾਨਸਿਕਤਾ ਦੇ ਅਵਚੇਤਨ ਵਿਚ ਧਸਿਆ ਹੋਇਆ ਵਰਤਾਰਾ ਹੈ।

ਤੁਕਾਂਤ ਮੇਲ ਹਾਇਕੂ ਦਾ ਲੱਛਣ ਨਹੀਂ। ਦਰਬਾਰਾ ਸਿੰਘ ਦੇ ਹਾਇਕੂ ਵਿਚ ਤੁਕਾਂਤ ਮੇਲ ਅਹਿਮੀਅਤ ਰਖਦਾ ਹੈ। ਇਹ ਤੁਕਾਂਤ ਕਦੇ ਪਹਿਲੀ ਤੇ ਆਖਰੀ ਸਤਰ ਵਿਚ ਮੇਲਿਆ ਜਾਂਦਾ ਹੈ, ਜਿਵੇਂ

ਉਤਰਿਆ ਸੌਣ
ਜੋਟੇ ਪੀਂਘ ਚੜ੍ਹਾਈ
ਬਾਕੀ ਖੜੀਆਂ ਗੌਣ

ਕਦੇ ਇਹ ਤੁਕਾਂਤ ਪਿਛਲੀਆਂ ਦੋ ਸਤਰਾਂ ਵਿਚ ਮੇਲਿਆ ਮਿਲਦਾ ਹੈ।

ਕੇਸਰ ਰੰਗੀ ਚੁੰਨੀ
ਗੋਰੇ ਮੁਖ ਤੇ ਕਾਲੇ ਕੇਸ
ਸੂਰਜ ਬੱਦਲਾਂ ਹੇਠ

ਸਮਰੂਪਤਾ ਸਿਰਜਣੀ ਉਨ੍ਹਾਂ ਦੀ ਇਕ ਹੋਰ ਜੁਗਤ ਹੈ। ਜਿਵੇਂ:

ਬਾਬਾ ਪੋਤਾ ਬੈਠੇ
ਸੁੱਕਾ ਪੱਤਾ ਨਵੀਂ ਕਰੂੰਬਲ
ਇਕੋ ਟਾਹਣੀ ਉਤੇ

ਦਰਬਾਰਾ ਸਿੰਘ ਦੇ ਵਿਚ ਹਾਇਕੂਆਂ ਵਿਚ ਵਿਅੰਗ ਵਿਧੀ ਦੀ ਵਰਤੋਂ ਕੀਤੀ ਮਿਲਦੀ ਹੈ। ਹਾਇਕੂ ਵਰਗੀ ਲਘੂ ਕਾਵਿ ਵਿਧਾ ਵਿਚ ਵਿਅੰਗ ਸਿਰਜਣ ਲਈ ਲੋੜੀਂਦਾ ਪ੍ਰਸੰਗ ਦਰਸਾਉਣਾ ਬੜਾ ਔਖਾ ਹੁੰਦਾ ਹੈ। ਇਸ ਲਈ ਬਹੁਤ ਕੁਝ ਕਾਵਿ ਵਿਚ ਅਣਲਿਖਿਆ ਹੁੰਦਾ ਹੈ ਪਰ ਉਹ ਲੇਖਕ ਅਤੇ ਪਾਠਕ ਦੇ ਅਵਚੇਤਨ ਵਿਚ ਉਕਰਿਆ ਹੁੰਦਾ ਹੈ। ਵਿਅੰਗ ਆਪਣਾ ਪ੍ਰਸੰਗ ਉਥੋਂ ਪ੍ਰਾਪਤ ਕਰਦਾ ਹੈ। ਉਦਾਹਰਨ ਵਜੋਂ ਹੇਠ ਲਿਖੇ ਹਾਇਕੂ ਵੇਖੇ ਜਾ ਸਕਦੇ ਹਨ :

ਸ਼ਾਂਤੀ ਪਾਠ ਕਰਾਇਆ
ਪੰਡਤ ਨਾਲ ਲੜਕੇ
ਮੰਦਰ ਵਿਚੋਂ ਆਇਆ

ਇਸੇ ਪ੍ਰਕਾਰ

ਚਰਖਾ ਪੀੜ੍ਹੀ ਨੇਹਾ ਮਧਾਣੀ
ਟੈਰਸ ਹੇਠ ਮਨਾਉਂਦੇ ਲੋਹੜੀ
ਬਾਲ਼ ਕੇ ਲੱਕੜ ਪੁਰਾਣੀ

ਜਿਵੇਂ ਪਹਿਲਾਂ ਵਿਚਾਰ ਕੀਤੀ ਜਾ ਚੁੱਕੀ ਹੈ, ਹਾਇਕੂ ਲਘੂ ਆਕਾਰੀ ਵਿਧੀ ਹੈ, ਇਸ ਵਿਚ ਬਿਰਤਾਂਤ ਦੀ ਕੋਈ

ਸੰਭਾਵਨਾ ਹੀ ਨਹੀਂ ਹੁੰਦੀ ਸਗੋਂ ਬਿਰਤਾਂਤ ਸਿਰਜਣਾ ਹਾਇਕੂ ਦਾ ਲੱਛਣ ਹੀ ਨਹੀਂ ਹੈ, ਇਹ ਹੁਣ ਦੀ ਕਵਿਤਾ ਹੈ ਪਰ ਇਹ ਹੁਣ ਦਾ ਪਲ ਬੀਤ ਦੀ ਕੁਖੋਂ ਜਨਮਿਆ ਹੁੰਦਾ ਹੈ। ਇਸੇ ਨੂੰ ਆਧਾਰ ਬਣਾ ਕੇ ਦਰਬਾਰਾ ਸਿੰਘ ਦੇ ਕੁਝ ਹਾਇਕੂ ਵੱਖਰਾ ਪ੍ਰਭਾਵ ਦਿੰਦੇ ਹਨ। ਜਿਨ੍ਹਾਂ ਪਾਠਕਾਂ ਨੇ ਪ੍ਰਸਿੱਧ ਕਹਾਣੀਕਾਰ ਕੁਲਵੰਤ ਸਿੰਘ ਵਿਰਕ ਦੀ ਛਾਹ ਵੇਲਾ ਪੜ੍ਹੀ ਹੈ, ਉਹ ਹੇਠ ਲਿਖੇ ਹਾਇਕੂ ਚੋਂ ਵੱਖਰਾ ਹੀ ਆਨੰਦ ਲੈਂਦੇ ਹਨ :

ਵੇਖੀ ਭੱਤਾ ਲੈ ਕੇ ਆਉਂਦੀ  
ਚਮਕੀਆਂ ਹਾਕੂ ਦੀਆਂ ਅੱਖਾਂ  
ਹੋਈ ਤਿੱਖੀ ਬਲਦ ਚਾਲ

ਵਿਸ਼ੇ ਤੇ ਵਿਚਾਰਧਾਰਾ ਦੇ ਪੱਖੋਂ ਦਰਬਾਰਾ ਸਿੰਘ ਦੇ ਹਾਇਕੂਆਂ ਵਿਚ ਪੰਜਾਬੀ ਸਭਿਆਚਾਰ ਦਾ ਚਿਤਰਨ, ਵਾਤਾਵਰਨ ਪ੍ਰਦੂਸ਼ਣ ਤੇ ਚਿੰਤਾ, ਨਵੀਂ ਪੁਰਾਣੀ ਪੀੜ੍ਹੀ ਦਾ ਟਕਰਾਓ, ਕੁੜੀਆਂ ਚਿੜੀਆਂ ਲਈ ਹਾਅ ਦਾ ਨਾਅਰਾ, ਪਰਵਾਸੀ ਜੀਵਨ ਦੀਆਂ ਖੁਸ਼ੀਆਂ ਤੇ ਗ਼ਮੀਆਂ, ਕਿਸਾਨੀ ਦੀਆਂ ਸਮੱਸਿਆਵਾਂ ਅਤੇ ਪੱਛਮੀ ਕਦਰਾਂ-ਕੀਮਤਾਂ ਤੇ ਕਟਾਖਸ਼ ਪ੍ਰਮੁੱਖ ਹਨ। ਇਸ ਲਈ ਉਹ ਕਦੇ ਸਹਿਜ ਸਥਿਤੀ ਬਿਆਨ ਕਰਦਾ ਹੈ, ਕਦੇ ਪ੍ਰਤੀਕਾਂ ਰਾਹੀਂ ਗੱਲ ਕਰਦਾ ਹੈ, ਕਦੇ ਟਾਕਰਾ ਵਿਧੀ ਅਤੇ ਕਦੇ ਸਮਰੂਪਤਾ ਸਿਰਜਦਾ ਹੈ। ਪੱਛਮੀ ਸਭਿਆਚਾਰ ਦਾ ਪੰਜਾਬੀ ਸਭਿਆਚਾਰ ਤੇ ਪ੍ਰਭਾਵ ਦੇਖੋ :

ਭਮੱਤ੍ਰਿਆ ਵੇਖੇ  
ਪੱਛੋਂ ਦੀ 'ਵਾ ਲੈ ਗਈ ਪਤੰਗ  
ਹੱਥਾਂ 'ਚ ਟੁੱਟੀ ਡੋਰ

ਕਿਸਾਨੀ ਜੀਵਨ ਤੇ ਆਉਂਦੀਆਂ ਕੁਦਰਤੀ ਆਫ਼ਤਾਂ ਦਾ ਚਿਤਰਨ ਕੁਝ ਇੰਜ ਕੀਤਾ ਹੈ :

ਕਾਲ਼ਾ ਬੱਦਲ ਆਇਆ
ਖੇਤ 'ਚ ਹਸਦੇ ਜੱਟ ਦਾ
ਚੇਹਰਾ ਝੱਟ ਕੁਮਲਾਇਆ

ਦਰਬਾਰਾ ਸਿੰਘ ਦੇ ਹਾਇਕੂਆਂ ਵਿਚ ਕੇਵਲ ਹੁਣ ਦਾ ਦ੍ਰਿਸ਼ ਚਿਤਰਣ ਜਾਂ ਸਥਿਤੀ ਵਰਣਨ ਸਤਹੀ ਪੱਧਰ ਦਾ ਨਹੀਂ ਸਗੋਂ ਕੁਝ ਹਾਇਕੂ ਅਟੱਲ ਸਚਾਈਆਂ ਬਣਨ ਦੇ ਯੋਗ ਹੁੰਦੇ ਹਨ।

ਮੀਂਹ ਵਰ੍ਹਿਆ
ਇਕ ਵੀ ਬੂੰਦ ਸਾਂਭ ਨਾ ਸਕਿਆ
ਭਾਂਡਾ ਪਹਿਲਾਂ ਭਰਿਆ

ਪਲ ਛਿਣ ਤੋਂ ਬਾਅਦ ਲਿਸ਼ਕ ਦਰਬਾਰਾ ਸਿੰਘ ਦੀ ਦੂਸਰੀ ਪੁਸਤਕ ਹੈ। ਦਰਬਾਰਾ ਸਿੰਘ ਦੇ ਹਾਇਕੂਆਂ ਦੇ ਅੰਤਰ ਪਾਠ ਤੋਂ ਇਕ ਗੱਲ ਸਪਸ਼ਟ ਹੋ ਗਈ ਹੈ ਕਿ ਪੰਜਾਬੀ ਹਾਇਕੂ ਨੇ ਆਪਣਾ ਵਿਧੀ ਵਿਧਾਨ ਸਿਰਜ ਲਿਆ ਹੈ ਇਸ ਨੇ ਉਧਾਰੇ ਲਏ ਕਾਵਿ ਰੂਪ ਦੀਆਂ ਅਲਾਮਤਾਂ ਤੋਂ ਖਹਿੜਾ ਛੁਡਾ ਲਿਆ ਹੈ ਅਤੇ ਪੰਜਾਬੀ ਲਿਬਾਸ ਹੀ ਨਹੀਂ ਅੰਤਰ ਆਤਮਾ ਵੀ ਗ੍ਰਹਿਣ ਕਰ ਲਈ ਹੈ।

ਬਸੰਤ, 2013 - **ਰਾਜਿੰਦਰ ਪਾਲ ਸਿੰਘ ਬਰਾੜ**

ਪੰਜਾਬੀ ਯੂਨੀਵਰਸਿਟੀ, ਪਟਿਆਲਾ।

# ਅਸ਼ਬਦ ਬਾਣੀ

ਮੇਰੇ ਕੋਲ ਕਹਿਣ ਲਈ ਕੁਝ ਵੀ ਨਹੀਂ। ਇਕ ਲਿਸ਼ਕ ਨੇ ਅਚੰਭਿਤ ਤਾਂ ਕਰ ਦਿੱਤਾ ਹੈ ਪਰ ਅਸ਼ਬਦ ਹੋ ਗਿਆਂ ਹਾਂ। ਇਸ ਨੂੰ ਬਿਆਨਣ ਲਈ ਹਰ ਸ਼ਬਦ ਸਮਰੱਥਾਹੀਣ ਲੱਗਦਾ ਹੈ।

ਸਾਗਰੀ ਛੱਲਾਂ, ਸਾਗਰ ਦੀ ਸੁੰਦਰਤਾ ਦਾ ਬਾਹਰੀ ਦਿਖਾਵਾ ਹੈ। ਇਸ ਦੀ ਅਸਲੀ ਸੁੰਦਰਤਾ ਅਤੇ ਅਮੁੱਲੇ ਭੰਡਾਰ ਦੇ ਦਰਸ਼ਨਾਂ ਲਈ ਗੋਤਾਖੋਰ ਨੂੰ ਇਸਦੀਆਂ ਹੇਠਲੀਆਂ ਤੈਹਾਂ ਤਕ ਜਾਣਾ ਪੈਂਦਾ ਹੈ। ਦਿਸਦੇ ਨਾਲੋਂ ਅਣਦਿਸਦਾ ਇਸ ਦੀ ਅਸਲੀ ਹੋਂਦ ਹੈ।

ਹਾਇਕੂ ਬਾਣੀ ਕਹੇ ਨਾਲੋਂ ਅਣਕਹੇ ਦੀ ਬਾਣੀ ਹੈ।ਇਸਦੀਆਂ ਪਰਤਾਂ ਹਾਇਜਨ- ਪ੍ਰਗਟਾਅ ਸਮਰਥਾ ਅਤੇ ਪਾਠਕ-ਰੁਚੀ ਦੀ ਪਰਤ ਦਰ ਪਰਤ ਫਰੋਲਣ-ਸੋਝੀ 'ਤੇ ਨਿਰਭਰ ਹੈ। ਜਿਸ ਲਈ ਦੋਹਾਂ ਦਾ ਇਕ ਵੇਵਲੈਂਥ ਤੇ ਇਕ ਸੁਰ ਹੋਣਾ ਲਾਜ਼ਮੀ ਬਣ ਜਾਂਦਾ ਹੈ। ਸੂਰਜੀ ਕਿਰਣ ਪਰਿਜ਼ਮ 'ਚੋਂ ਲੰਘਣ ਤੋਂ ਪਹਿਲਾਂ ਇਕੋ ਰੰਗ ਵਿਚ ਦਿਸਦੀ ਹੈ। ਪਰਿਜ਼ਮ ਦੇ ਦੂਜੇ ਪਾਸੇ ਕਿਰਣ-ਪਸਾਰੇ ਵਿਚੋਂ ਹਰ ਅੱਖ ਨੂੰ ਉਸਦੀ ਸਮਰਥਾ ਅਨੁਸਾਰ ਰੰਗਾਂ ਦਾ ਫੈਲਾਅ ਦਿਸਦਾ ਹੈ।ਅਸਮਾਨ ਪਈ ਸਤਰੰਗੀ, ਬ੍ਰਹਿਮੰਡੀ ਪਸਾਰੇ ਵਿਚੋਂ ਹੀ

ਉਭਰਦੀ ਹੈ। ਬ੍ਰਹਿਮੰਡੀ ਚਮਤਕਾਰ ਅਤੇ ਪਸਾਰ ਦੇ ਵਾਸਤਵਿਕ ਅਨੁਭਵ ਦਾ ਸ਼ਾਬਦਿਕ ਪ੍ਰਗਟਾਅ ਹੀ ਹਾਇਕੂ ਬਾਣੀ ਹੈ।ਅਪਣੀ ਇਸ ਰਚਨਾ ਨਾਲ ਪਾਠਕ ਨੂੰ ਪਰਤ ਦਰ ਪਰਤ ਹੇਠਲੀ ਤਹਿ ਤਕ ਲੈ ਜਾਣ ਵਿਚ ਸਫ਼ਲ ਹੋਇਆ ਹਾਂ ਜਾਂ ਨਹੀਂ, ਇਹ ਤਾਂ ਪਾਂਠਕ ਜਨ ਹੀ ਦਸ ਸਕਣਗੇ। ਬਸ ਏਨਾਂ ਕੁ ਜਾਣਦਾ ਹਾਂ ਕਿ ਜਿਸ ਰਾਹ ਤੇ ਸਾਥੀਆਂ ਨਾਲ ਤੁਰਿਆਂ ਹਾਂ, ਕਿੰਨੀ ਕੁ ਦੇਰ ਸਾਥ ਦੇ ਸਕਾਂਗਾ, ਭਵਿੱਖ ਹੀ ਇਸਦਾ ਨਿਰਨਾ ਕਰੇਗਾ। ਅਜੇ ਤਾਂ ਸਥਿਤੀ ਕੁਝ ਇਸਤਰਾਂ ਹੈ:-

ਤੁਰਿਆ ਅਲੱਖ ਕਹਿਕੇ
ਖੁੱਲੇ ਦਰਾਂ ਦੇ ਕੋਲੋਂ ਲੰਘੇ
ਖਾਲੀ ਕਾਸਾ ਲੈਕੇ

ਖਾਲੀ ਕਾਸੇ ਵਿਚ ਇਕ ਮੁੱਠੀ ਭਿੱਖ ਦਾ ਅਭਿਲਾਸ਼ੀ

**- ਦਰਬਾਰਾ ਸਿੰਘ**

ਤਿੱਤਲੀਓ ! ਖੇਲੋ ਹੋਰ ਕਿਤੇ
ਵੱਢ ਲਵਾਂ ਥੋੜਾ ਘਾਹ
ਭੁੱਖੇ ਡੰਗਰਾਂ ਲਈ

ਭਿੰਨੀ ਭਿੰਨੀ ਖ਼ੁਸ਼ਬੂ
ਇਕ ਪਲ ਲਈ ਰੁਕ ਗਏ
ਫੁੱਲ ਤੋੜਦੇ ਹੱਥ

ਟਿੱਬੀਂ ਸੂਹੇ ਫੁੱਲ –
ਰੁੱਤ ਦੀ ਪਹਿਲੀ ਬਾਰਸ਼
ਘੁੰਮਣ ਬੀਰ ਬਹੁਟੀਆਂ

ਮਾਂ ਨੇ ਬਣਾਈਆਂ
ਆਟੇ ਦੀਆਂ ਚਿੜੀਆਂ
ਬਿਸਿਕਿਟ ਪਾਓਂਦੀ ਨਿੱਕੀ

ਕੰਡਿਆਂ ਉਤੇ ਗਿਰਿਆ
ਬਿਨ ਜ਼ਖ਼ਮ ਦੇ ਥੱਲੇ ਆਇਆ
ਪਾਣੀ ਅੰਬਰੋਂ ਵਰ੍ਹਿਆ

ਤੁਫ਼ਾਨ  ਵਿਚ ਵੀ –
ਮਛੇਰਿਆਂ ਦੇ ਨਾਲ਼ ਰਿਹਾ
ਸਾਗਰ ਉਤਲਾ ਚੰਨ

ਤਿੱਖੜ ਦੁਪੈਹਿਰਾ
ਪੈਰਾਂ ਦੇ ਵਿਚ ਰੁਲ਼ਦਾ
ਅਪਣਾ ਹੀ ਪ੍ਛਾਵਾਂ

ਸਾਵਣ ਮਹੀਨੇ ਮੀਂਹ –
ਭਿੱਜ ਭਿੱਜ ਖੇਲਣ ਨਿਆਣੇ
ਬੇਬੇ ਸਾਂਭੇ ਦਾਣੇ

ਵੱਢਦਿਆਂ ਆਈ ਤ੍ਰੇਲੀ –
ਕੱਲ੍ਹ ਸੀ ਜਿਸ ਰੁੱਖ ਹੇਠਾਂ ਬੈਠੇ
ਮਿਲ ਕੇ ਮਿੱਤਰ ਬੇਲੀ

ਧੀਆਂ ਸੌਹਰੇ ਤੁਰੀਆਂ
ਵੇਹੜੇ ਵਾਲੀ ਡੇਕ 'ਤੇ
ਪਾਏ ਆਲ੍ਹਣੇ ਚਿੜੀਆਂ

ਕਣਕ ਦਾ ਵੱਢ–
ਛਿਲਾ ਚੁਗਦੀਆਂ ਕੁੜੀਆਂ
ਚੋਗਾ ਚੁਗਣ ਚਿੜੀਆਂ

ਰੋਹੀ–ਸੁੱਕਾ ਰੁੱਖ
'ਵਾ ਵਗੀ ਲਹਿਰਾਇਆ
ਬਚਿਆ ਹੋਇਆ ਪੱਤ

ਆਈ ਬਸੰਤ –
ਥੋਹਰ ਚੜ੍ਹੀ ਜੰਗਲੀ ਵੇਲ
ਫੁੱਲਾਂ ਨਾਲ ਭਰੀ

ਵੱਗ ਰਿਹਾ ਦਰਿਆ –
ਕੰਢੇ ਫੁੱਲਾਂ ਦੇ ਪ੍ਰਛਾਵੇਂ
ਖੜ੍ਹੇ ਨੇ ਅਪਣੀ ਥਾਵੇਂ

ਸੂਰਜ ਖੜ੍ਹੇ ਖੜ੍ਹੇ
ਦਿਨ ਭਰ ਚੋਗਾ ਲੱਭਦੇ ਪੰਛੀ
ਆਲ੍ਹਣਿਆਂ ਨੂੰ ਮੁੜੇ

ਅੱਸੂ ਨਵਾਂ ਨਜ਼ਾਰਾ –
ਚੁਗਣ ਆਈ ਨਵੀਂ ਵਿਆਹੀ
ਖੇਤ ਖਿੜ ਗਿਆ ਸਾਰਾ

ਨਿੱਖਰੀ ਰੁੱਤ
ਪਾਲ਼ੇ ਕੱਕਰ ਝੰਬੇ
ਰੁੱਖ ਸੇਕਦੇ ਧੁੱਪ

ਦੁਪੈਹਿਰਾ ਢਲਿਆ
ਵਧਦਾ ਪ੍ਰਛਾਵਾਂ ਵੇਖਕੇ
ਬੰਦਾ ਲਗਦਾ ਡਰਿਆ

ਪੱਤਝੜ–
ਅੱਜ ਵੀ ਉਡਾ ਕੇ ਲੈ ਗਈ
ਡਿੱਗੇ ਪੱਤੇ ਚੇਤਰੀ ਹਵਾ

ਤਾਰੇ ਟਿਮ ਟਮਾਏ
ਰਾਤ ਪਈ ਜੁਗਨੂੰ
ਉਡਦੇ ਉਡਦੇ ਆਏ

ਉਤਰਿਆ ਸੌਣ
ਜੋਟੇ ਪੀਂਘ ਚੜਾਈ
ਬਾਕੀ ਖੜੀਆਂ ਗੌਣ

ਮੁੜਕੋ ਮੁੜਕੀ ਹੋਇਆ
ਛਾਂ ਵਾਲੇ ਰੁੱਖ ਨੂੰ ਵੱਢ ਕੇ
ਧੁੱਪੇ ਆਣ ਖਲੋਇਆ

ਪੁੱਤਰਾਂ ਵੱਢ ਮੁਕਾਇਆ–
ਬਾਬੇ ਦੀ ਚਿਤਾ ਵਿਚ ਬਲ਼ਦਾ ਰੁੱਖ
ਉਸਦੇ ਹੱਥ ਦਾ ਲਾਇਆ

ਬਾਰੀ ਮੁਹਰੇ ਖਲੋਈ
ਚੌਦੇਂ ਦਾ ਚੰਨ ਵੇਖ ਕੇ
ਤਿਪ ਤਿਪ ਅੱਖੋਂ ਰੋਈ

ਮੁਸਕ੍ਰਾਇਆ ਵਰ੍ਹਿਆਂ ਬਾਅਦ
ਖੁੱਲੀ ਡਾਇਰੀ
ਵਿਚ ਸੁੱਕਾ ਗੁਲਾਬ

ਚੇਤਰੀ ਹਵਾ–
ਟਿੱਬੇ ਤੋਂ ਰਾਹ ਬਦਲੇ
ਪਗਡੰਡੀ

ਮੱਸਿਆ ਦੀ ਰਾਤ –
ਤਾਰਿਆਂ ਦੀ ਲੋਅ ਵਿਚ ਜਾਗਦਾ
ਰਾਤ ਦਾ ਸਨਾਟਾ

ਸੀਤ ਸੁੰਨੀ ਰਾਤ –
ਕਿਸੇ ਦੇ ਹੋਣ ਦਾ ਅਹਿਸਾਸ
ਸੋਟੀ ਦਾ ਖੜਕਾ

ਧੁੰਧਲੀ ਦਿਸੇ
ਬਾਹਰ ਉੱਡਦੀ ਤਿਤਲੀ
ਤ੍ਰੇਲ ਭਿੱਜੇ ਸ਼ੀਸੇ 'ਚੋਂ

ਬੱਦਲ ਚਾਲ–
ਬੋਟ ਪੰਛੀ–ਪਰਾਂ ਹੇਠ
ਸੁੱਕੇ ਪੱਤੀਂ ਰੁੱਖ

ਰੰਗ ਬਰੰਗੇ ਫੁੱਲ
ਤਿਤਲੀਆਂ ਦਾ ਭੁਲੇਖਾ
ਹੱਥ ਲਹੂ ਲੁਹਾਣ

ਪੰਛੀਆਂ ਦੀ ਅਜਾਨ
ਅੰਮ੍ਰਿਤ ਵੇਲੇ ਖੁੱਲਿਆ
ਦਿਨ ਦਾ ਬੂਹਾ

ਕਲਮ ਹੱਥ ਫੜੀ
ਸਿਆਹ ਰੰਗ 'ਚੋਂ ਕਾਗ਼ਜ਼ 'ਤੇ
ਸ਼ਬਦ ਚਾਨਣੀ ਝਰੀ

ਰੇਤਲਾ ਕੰਢਾ –
ਤੁਰਗੇ ਲਹਿਰਾਂ ਨਾਲ
ਪੈਰਾਂ ਦੇ ਨਿਸ਼ਾਨ

ਹੌਲੀ ਹੌਲੀ ਖੁਰਿਆ–
ਪਾਣੀ ਦਾ ਸਥੂਲ ਵਜੂਦ
ਪਾਣੀ ਦੇ ਵਿਚ ਮਿਲਿਆ

ਬਣਿਆ 'ਵਾ ਵਰੋਲਾ
ਕੱਚੇ ਪਹੇ 'ਚ
ਉਡਿਆ ਜਾਏ ਪਟੋਲਾ

ਉਹ ਤੇ ਤਸਵੀਰ
ਕਮਰੇ ਦੇ ਵਿਚ
ਚੁੱਪ ਸਨਾਟਾ

ਗਰਮੀ ਦੀ ਕੁਮਲਾਈ
ਤ੍ਰੇਲ ਭਿਓਂਤੀ ਡੋਡੀ
ਫੁੱਲ ਬਣ ਕੇ ਮੁਸਕਾਈ

ਸੁੱਕੇ ਢੇਰ ਤੋ ਮਿਲਿਆ
ਟਾਹਣ 'ਤੇ ਲਹਿਲਹਾਓਂਦਾ
ਸਬਜ ਪੱਤਾ

ਚੁੰਨੀ ਬਸੰਤੀ ਰੰਗੀ
ਗੰਦਲ ਵਰਗੀ ਗੰਦਲ
ਸਰ੍ਹੋਂ-ਖੇਤ 'ਚੋਂ ਲੰਘੀ

ਕੇਸਰ ਰੰਗੀ ਚੁੰਨੀ
ਗੋਰੇ ਮੁੱਖ 'ਤੇ ਕਾਲੇ ਕੇਸ
ਸੂਰਜ ਬੱਦਲਾਂ ਹੇਠ

ਸੌਣ ਮੇਘਲਾ ਚੜ੍ਹਿਆ
ਫੁੱਲਾਂ ਅਤੇ ਕੰਡਿਆਂ ਉਤੇ
ਇਕ ਬਰਾਬਰ ਵਰ੍ਹਿਆ

ਬਾਬਾ ਪੋਤਾ ਬੈਠੇ –
ਸੁੱਕਾ ਪੱਤਾ ਨਵੀਂ ਕਰੂੰਬਲ
ਇਕੋ ਟਾਹਣੀ ਉਤੇ

ਪਹਿਲੀ ਬਰਸਾਤ
ਸਿੱਲ੍ਹੀ ਸਿੱਲ੍ਹੀ ਪੌਣ 'ਚ
ਮਿੱਟੀ ਦੀ ਖ਼ੁਸ਼ਬੂ

ਤਿਤਲੀ ਬੈਠੇ ਉਡ਼ੇ
ਬੱਚੇ ਦੀ ਅੱਖ
ਨਾਲ ਨਾਲ ਮੁੜੇ

ਸਰਘੀ ਵੇਲਾ –
ਧਰਤ ਤ੍ਰੇਲ ਧੋਤੀ
ਪੱਤੀਂ ਲਟਕਣ ਮੋਤੀ

ਸਵੇਰ ਦੀ ਸੈਰ –
ਫੁੱਲਾਂ ਦੇ ਨਾਲ ਗਲਬਾਤ
ਹਵਾ ਦੇ ਨਾਲ ਗੁਫ਼ਤਗੂ

ਉੱਚਾ ਥੇਹ –
ਸੁੱਕੀਆਂ ਕਿੱਕਰੀਂ ਆਲ੍ਹਣੇ
ਇੱਟਾਂ ਰੋੜੇ ਠੀਕਰੀਆਂ

ਬਸੰਤੀ ਹਵਾ
ਘਰ ਦੇ ਵੇਹੜੇ ਫੁੱਲ ਖਿੜੇ
ਨਿੱਖਰੀ ਨਿੱਖਰੀ ਰੁੱਤ

ਖੁੱਲੀਆਂ ਕਿਤਾਬਾਂ –
ਸ਼ੀਸ਼ਿਆਂ 'ਚੋਂ ਵੇਖੇ ਬਾਹਰ
ਖਿੜੀ ਹੋਈ ਬਹਾਰ

ਘਰ ਦੇ ਬਾਹਰ
ਉਡ ਰਹੇ  ਝੜੇ ਪੱਤੇ
ਅਲਵਿਦਾ ਬਹਾਰ

ਵੇਹੜੇ ਚਿੜੀਆਂ ਦੀ ਰੌਲ਼ੀ
ਬਹਾਰ ਅਜੇ ਦੂਰ ਹੈ
ਪਾਣੀ ਭਾਲਣ ਵਿਚਾਰੀਆਂ

ਰੁੱਖਾਂ ਤੇ ਚਿੱਟਾ ਫੁਟਾਰਾ
ਸੂਰਜ ਨੂੰ ਪਾਣੀ ਦਿੰਦੀ
ਧੋਵੇ ਅੰਬ ਦੇ ਪੱਤੇ

ਕਬਰ ਉੱਤੇ ਵੀ
ਮੀਂਹ ਤੋਂ ਬਾਅਦ
ਜੰਮਿਆ ਘਾਹ

ਬਾਣੀ–ਸੰਗੀਤ ਧੁਨ –
ਭਿੰਨੀ ਭਿੰਨੀ ਪੌਣ ਨਾਲ਼
ਮੁੱਕੀ ਹੁੰਮਸੀ ਰਾਤ

ਭਮੱਤ੍ਰਿਆ ਵੇਖੇ
ਪੱਛੋਂ ਦੀ 'ਵਾ ਲੈ ਗਈ ਪਤੰਗ
ਹੱਥ 'ਚ ਟੁੱਟੀ ਡੋਰ

ਚਲੇ ਜਾ ਰਹੇ ਬੰਦੇ
ਵੱਖਰੀ ਵੱਖਰੀ ਦਿਸ਼ਾ
ਪੰਛੀ ਕੀਟ ਪਤੰਗੇ

ਮੈਨੂੰ ਨਹੀ ਪਤਾ
ਕਿਧਰੋਂ ਆਓਂਦੇ ਤੇ ਕਿਧਰ ਜਾਂਦੇ
ਘਰ ਦੀ ਛੱਤ ਤੇ ਬੈਠੇ ਪੰਛੀ

ਸੁੱਕੇ ਰੁੱਖੀਂ ਆਲਣੇ–
ਪਰਿੰਦੇ ਪਾਲ ਰਹੇ ਬੋਟ
ਅਪਣੇ ਪਰਾਂ ਦੇ ਹੇਠ

ਜੇਠ ਹਾੜ ਦੀ ਰੁੱਤ–
ਪੱਕੀਆਂ ਸੜਕਾਂ ਪਾਉਣ ਭੁਲੇਖਾ
ਪਾਣੀ ਨਾਲ ਗੜੁੱਚ

ਬੂਟੇ ਤੇ ਫੁੱਲ ਖਿੜਿਆ
ਘਰ ਦਾ ਅੰਦਰ ਬਾਹਰ
ਰੰਗ ਮਹਿਕ ਨਾਲ ਭਰਿਆ

ਕਰੁੰਬਲਾਂ ਫੁੱਟ ਪਈਆਂ
ਮੇਘ ਰੁੱਤੇ ਪਿਪਲਾਂ ਉੱਤੇ
ਕੁੜੀਆਂ ਝੂਟ ਕੇ ਗਈਆਂ

ਬਹਾਰ ਰੁੱਤੇ
ਕਿੰਨੇ ਸੋਹਣੇ ਖਿੜੇ ਹੋਣਗੇ–
ਸੁੱਕੇ ਹੋਏ ਫੁੱਲ

ਸੁਰਜ ਛਿਪਾ
ਪੱਛਮ ਵਲੋਂ ਮੁੜਦੇ ਪੰਛੀ
ਕਬਰਾਂ ਵਾਲੇ ਰਾਹ

ਜਾਂਦੀ ਬਹਾਰ ਦਾ ਗੀਤ
ਸੀਤ ਹਵਾ ਨਾਲ ਖੜਕਣ ਲੱਗੇ
ਰੁੱਖ ਦੇ ਪੱਤੇ

ਰੁੱਤ ਵਾਢੀ ਦੀ–
ਛੱਡ ਤੁਰੀ ਅਪਣੇ ਘੁਰਨੇ
ਬਟੇਰਾਂ ਦੀ ਡਾਰ

ਭੁੰਜੇ ਸਫ਼ ਵਿਛਾਈ
ਸੁੱਤੇ ਦੋਵੇਂ 'ਕੱਠੇ
ਬੰਦਾ ਤੇ ਤਨਹਾਈ

ਅਜੇ ਵੀ ਲੈਨਾਂ ਟੋਹ
ਮੇਰੀ ਹਥੇਲੀ ਤੇਰੇ ਹੱਥ ਦੀ
ਰਹਿ ਗਈ ਜੋ ਛੋਹ

ਹੱਥ ਗੋਪੀਆ
ਖੜੀ ਮਨੇ 'ਤੇ
ਬਿੜਕਾਂ ਲੈਂਦੇ ਪੰਛੀ

ਸਕੇ ਸਬੰਧੀ ਦੋਸਤ
ਮੈਰਿਜ ਪੈਲਿਸ ਦੇ ਵਿਚ 'ਕੱਠ
ਚੌਧਰੀਆਂ ਦੀ ਮਾਂ ਦਾ ਭੋਗ

ਅੱਖਾਂ ਵਿਚੋਂ ਅੱਥਰੂ
ਕੋਰੇ ਕਾਗ਼ਜ਼ 'ਤੇ ਗਿਰਿਆ –
ਸ਼ਬਦ ਬਣਿਆ

ਬਿਜੜੇ ਦਾ ਆਲ੍ਹਣਾ –
ਆਲੀਸ਼ਾਨ ਮਕਾਨ ਵਾਲ਼ੇ
ਜਾ ਵੱਸੇ ਪ੍ਰਦੇਸ

ਸਿੱਧੀ ਸੜਕ –
ਰਾਹੀ ਨੂੰ ਕਰਦੇ ਸੁਚੇਤ
ਸੂਚਨਾ ਚਿੰਨ੍ਹ

ਅੱਖਾਂ ਡੁੱਲ੍ਹੀਆਂ ਭਰੀਆਂ –
ਚਲਦੇ ਖੂਹ ਦੀਆਂ ਟਿੰਡਾਂ
ਫੇਰ ਭਰਨ ਨੂੰ ਮੁੜੀਆਂ

ਬਾਸਮਤੀ ਮਹਿਕਾਈ –
ਨਵੀਂ ਵਿਆਓਲੀ ਖੇਤ 'ਚ
ਭੱਤਾ ਲੈਕੇ ਆਈ

ਚੁੰਨੀ ਰੰਗ ਬਰੰਗੀ –
ਖੜ ਖੜ ਵੇਖਣ ਲੋਕੀਂ
ਪੀਂਘ ਚੜ੍ਹੀ ਸਤਰੰਗੀ

ਕਾਲ਼ਾ ਬੱਦਲ਼ ਆਇਆ
ਖੇਤ 'ਚ ਹੱਸਦੇ ਜੱਟ ਦਾ
ਚੇਹਰਾ ਝੱਟ ਕੁਮਲਾਇਆ

ਵਾਰੀ ਰਹੇ ਉਡੀਕ
ਸੈੱਲ ਫ਼ੋਨ 'ਤੇ ਵਕਤ ਲੰਘਾਉਂਦੇ
ਕਲੀਨਿਕ ਵਿਚ ਮਰੀਜ਼

ਘਰ ਵਿਚ 'ਕੱਠੇ ਸਾਰੇ
ਪਰਵਾਸੀ ਦਾ ਸੁਆਗਤ ਕਰਦੇ
ਕੀੜੇ ਕਿਰਲੇ ਜਾਲ਼ੇ

ਸੜਕ ਕਿਨਾਰੇ ਸੁੱਤੇ
ਪੋਹ ਦੀ ਠੰਡੀ ਰਾਤ
ਬੰਦਾ ਬੋਤਲ ਕੁੱਤੇ

ਮੁੜ ਮੁੜ ਉਛਲੇ 'ਤਾਂਹਾਂ
ਗੁਹਾਰਾ ਲਿੱਪਦੀ ਬੇਬੇ
ਚੁੱਕ ਚੁੱਕ ਕੇ ਬਾਹਾਂ

ਮੋਢਿਆਂ ਉਤੇ ਕਰਾਸ–
ਮੋਰਚਿਆਂ ਵੱਲ ਜਾਂਦੇ ਫੌਜੀ
ਰਫ਼ਲਾਂ ਦੇ ਨਾਲ ਲੈਸ

ਫੁੱਟ ਫੁੱਟ ਕੇ ਰੋਈ
ਪ੍ਰਦੇਸ ਵਸੰਦੇ ਬੱਚਿਆਂ ਦੀ
ਗੱਲ ਫੋਨ 'ਤੇ ਹੋਈ

ਕੇਸ ਸੁਕਾਵੇ ਧੁੱਪੇ
ਕਿਰਦੇ ਧਰਤੀ ਉੱਤੇ
ਮੋਤੀ ਸੁੱਚੇ ਸੁੱਚੇ

ਛੱਪਕ ਛੱਪਕ
ਕਿਸੇ ਦੀ ਆਮਦ
ਦੇਵੇ ਦਸਤਕ

ਬੰਬ ਧਮਾਕਾ ਹੋਇਆ
ਤਾਂਡਵ ਮੁਦਰਾ ਸ਼ਿਵਜੀ-ਬੁੱਤ
ਸ਼ਾਂਤ ਡਿੱਗਿਆ ਹੋਇਆ

ਮੰਡੀ ਲਾਹ ਟਰਾਲੀ
ਬੋਹਲ਼ 'ਤੇ ਲਿਟਿਆ ਜੱਟ
ਕੋਲ਼ੇ ਬੋਤਲ ਖਾਲੀ

ਮੰਤਰ ਪੜਨਾ ਛੱਡਕੇ
ਪੰਡਿਤ ਬੈਠਾ ਫ਼ੋਨ ’ਤੇ
ਬੁੱਕ ਕਰੇ ਜਜਮਾਨ

ਮੰਡੀਰਾਂ ਦੀ ਢਾਣੀ
ਸੱਥ ’ਚ ਕਰਿਕਟ ਖੇਡਦੇ
ਡੰਗਰ ਚਾਰਦੇ ਹਾਣੀ

ਠੁਰ ਠੁਰ ਕਰੇ ਲੋਕਾਈ
ਬੱਦਲ਼ ਅਤੇ ਸੂਰਜ ਲੱਗੇ
ਖੇਲਣ ਲੁਕਣ ਮਚਾਈ

ਬਾਬੇ ਹੱਥ ਡੰਗੋਰੀ
ਉਂਗਲ਼ ਲੱਗਿਆ ਪੋਤਾ
ਸੜਕੋਂ ਪਾਰ ਕਰਾਵੇ

ਹੋਏ ਘਾਣੋ ਘਾਣੀ
ਹੁੰਮਸ ਭਰੇ ਦੁਪੈਹਿਰੇ
ਹੰਸੋਲੀਆਂ ਤੋੜਦੇ ਹਾਣੀ

ਧਰਤੀ ਢੇਰੀ ਹੋਏ
ਲਾਟ ਤੇ ਆਏ ਕੀਟ ਪਤੰਗੇ
ਚੁੱਗ ਚੁੱਗ ਉਡਦੇ ਪੰਛੀ

ਲਿਖ ਵਾਪਿਸ ਆਈ
'ਲੈਣੇ ਵਾਲਾ ਨਹੀਂ ਰਹਾ'
ਪ੍ਰਦੇਸੋਂ ਚਿੱਠੀ ਪਾਈ

ਮੱਥਾ ਟੇਕਣ ਲੱਗਿਆ
ਸ਼ਰਧਾਵਾਨ ਸੰਗਤ ਦਾ ਧੱਕਾ
ਬਾਬਾ ਮੂਧਾ ਡਿੱਗਿਆ

ਥੱਕ ਟੁੱਟ ਘਰ ਆਇਆ
ਨਿੱਕੀ ਦੀਆਂ ਤੋਤਲੀਆਂ ਸੁਣ
ਮੂੰਹ 'ਤੇ ਖੇੜਾ ਆਇਆ

ਇੱਕ ਇੱਕ ਤਾਰਾ ਚੜ੍ਹੇ
ਸੰਧਿਆ ਵੇਲੇ ਸੁਆਣੀਆਂ ਰੁੱਝੀਆਂ
ਦੀਵਾ ਬੱਤੀ ਕਰਨ

ਪਾਣੀ ਲਾਕੇ ਆਇਆ
ਜੱਗ ਪੀ ਗਿਆ ਪੂਰਾ
ਪਾਣੀ ਦਾ ਤ੍ਰਿਹਾਇਆ

ਅੰਤਿਮ ਅਰਦਾਸ
ਸੁਣਦੇ ਸਕੇ ਸਬੰਧੀ
ਗਿੱਲੀਆਂ ਅੱਖਾਂ ਨਾਲ

ਪਿੱਦੀ ਚਿੜੀ ਕਾਲ਼ੀ
ਪੂੰਛ ਹਿਲਾਓਂਦੀ ਫਿਰਦੀ
ਬੋਲੇ ਕਾਹਲ਼ੀ ਕਾਹਲ਼ੀ

ਤ੍ਰਿਹਾਈਆਂ ਚਿੜੀਆਂ
ਖੜੇ ਖੂਹ ਦੀਆਂ ਟਿੰਡਾਂ
ਬਿਨ ਪਾਣੀ ਪੀ ਮੁੜੀਆਂ

ਸੱਜਣਾ ਦਾ ਮੈਸਿਜ ਲੱਗਿਆ
ਸੁੰਨਾ ਪਿਆ ਮੋਬਾਇਲ
ਮਧੁਰ ਟੋਨ ਵਿਚ ਵੱਜਿਆ

ਚਿੜੀਆਂ–
ਵੇਹੜੇ ਸੁੱਕਦਾ ਪੀਹਣਾ
ਚੁਗ ਚੁਗ ਕੇ ਉੜੀਆਂ

ਉੜਨ ਤਿਤਲੀਆਂ
ਪਾਰਕ ਵਿਚ
ਖੇਡਦੇ ਬੱਚੇ

ਕੋਠੀ ਆਲੀਸ਼ਾਨ
ਪ੍ਰਦੇਸ ਵਸੰਦਿਆਂ ਦੀ
ਘਰ ਤੋਂ ਬਣੀ ਮਕਾਨ

ਵਿਛੌਣਾ ਬੀਚ–ਰੇਤ –
ਸੁੱਤਾ ਸੁਪਨੇ ਪਹੁੰਚਿਆ
ਟਿੱਬਿਆਂ ਵਾਲ਼ੇ ਖੇਤ

ਪੇਕੀਂ ਆਕੇ
ਪੱਟੇ ਸੱਸ ਦਾ ਚੂੰਡਾ
'ਕੱਲੀ ਪੀਂਘ ਚੜਾਕੇ

ਚਿਰਾਂ ਪਿਛੋਂ ਆਈ
ਪੋਤੀ ਨੇ ਦਾਦੀ
ਗ੍ਰੈਨੀ ਆਖ ਬੁਲਾਈ

ਬਾਰਾਂ ਸਾਲ ਪੁਰਾਣੀ –
ਕੰਗਣੀ ਵਾਲੇ ਗਲਾਸ ’ਚ ਪੀਵੇ
ਵਿਸਕੀ ਪਾਕੇ ਪਾਣੀ

ਮੈਡਲ ਸਜੇ ਸਜਾਏ
ਵਰਦੀ ਬਕਸਾ ਬਿਸਤਰਾ
ਫੌਜੀ ਦੇ ਘਰ ਆਏ

ਸਾਂਭੇ ਪਿਆਰ ਨਿਸ਼ਾਨੀ
ਬਾਬੇ ਦੀ ਫੋਟੋ ਦੇ ਪਿੱਛੇ
ਸੱਜਣਾ ਦਿੱਤੀ ਗਾਨੀ

ਲੋਟਣ ਮਾਹੀ ਦਿੱਤੇ
ਆਲੇ ਦੇ ਖੂੰਜੇ
ਸਾਂਭ ਸਾਂਭ ਕੇ ਰੱਖੇ

ਮਾਹੀ ਨੇ ਬਣਵਾਏ
ਕੁੜਤੀ ਤੇ ਸਜ ਸਜ ਪੈਂਦੇ
ਜੰਜੀਰੀ ਬਟਨ ਲਗਾਏ

ਨਿੱਕੀ ਗੱਲ ਸੁਣਾਈ
ਗੁੱਸੇ ਹੋਈ ਮਾਂ
ਫੁੱਲ ਵਾਂਗ ਮੁਸਕਾਈ

ਰੁੱਝੇ ਸਾਰੇ
ਖੇਲ 'ਚ ਬੱਚੇ
ਮਾਵਾਂ ਸੈੱਲ ਦੇ ਆਹਰੇ

ਰੱਖਿਆ ਘਰ ਸਜਾਕੇ
ਹਰ ਖੂੰਜੇ ਵਿਚ ਫੁੱਲਦਾਨ
ਫੁੱਲ ਕਾਗਜੀ ਲਾਕੇ

ਮੋਟਾ ਪੈੱਗ ਬਣਾਇਆ
ਹੱਥ ਗੰਢੇ ਦਾ ਪੱਤ
ਇੱਕੋ ਸਾਹ ਮੁਕਾਇਆ

ਖਿੰਡੇ ਖਿਡਾਓਣੇ ਸਾਰੇ
ਔਖਾ ਹੋਕੇ ਸਾਂਭੇ ਬਾਬਾ
ਝੁੱਕਿਆ ਸੋਟੀ ਸਹਾਰੇ

ਸੌਰੀ ਨੇ ਗੱਲ ਮੁਕਾਈ
ਗਿਲੇ ਸ਼ਿਕਵੇ ਕਰਦਿਆਂ
ਸਾਰੀ ਰਾਤ ਲੰਘਾਈ

ਕਮਰਾ ਖਾਲੀ ਕਰਵਾਇਆ
ਬਾਪੂ ਦੇ ਲੱਭੇ ਪਥਰਾਟਾਂ ਦਾ
ਵੇਹੜੇ ਫ਼ਰਸ਼ ਲਵਾਇਆ

ਰੱਖੇ ਹੋਏ ਸਰ੍ਹਾਣੇ
ਲੇਖਕ ਨਾਲ ਸਿਵੇ ਨੂੰ ਜਾਂਦੇ
ਖਰੜੇ ਫਟੇ ਪੁਰਾਣੇ

ਸੌਣ ਘਟਾ ਚੜ੍ਹ ਆਈ
ਖੁੱਲੇ ਕੇਸੀਂ ਨਾਹ ਕੇ
ਗੋਰੀ ਬਾਹਰ ਆਈ

ਬਨੇਰੇ ਬੋਲਦੇ ਕਾਵਾਂ
ਮੇਰੇ ਤਾਂ ਸਾਰੇ ਜਾ ਚੁੱਕੇ ਨੇ
ਕਿਸ ਦੇ ਆਓਣ ਦਾ ਸੰਦੇਸ਼

ਪੁਰਾਣੇ ਪੱਤ ਝੜੇ
ਨਵੀਂ ਮੌਸਮ ਦੀ ਆਮਦ
ਪਪੀਸੀਆਂ ਟਾਹਣ ਭਰੇ

ਸਕੂਲ ਵਿਚ ਸ਼ੋਰ
ਘੰਟੀ ਵੱਜੀ
ਪਸਰੀ ਚੁੱਪ

ਸ਼ਾਂਤੀ ਪਾਠ ਕਰਾਇਆ
ਪੰਡਿਤ ਨਾਲ ਲੜਕੇ
ਮੰਦਿਰ ਵਿਚੋਂ ਆਇਆ

ਚੁੱਕਿਆ ਪੜ੍ਹਿਆ
ਵਾਪਿਸ ਧਰਿਆ
ਗਵਾਂਡੀ ਦਾ ਅਖ਼ਬਾਰ

ਉਦਾਸ ਚਿਹਰਾ ਮੁਸਕਾਇਆ
ਪ੍ਰਦੇਸੀ ਭੀੜ 'ਚੋਂ ਕਿਸੇ
ਵਤਨੀ ਹੱਥ ਹਿਲਾਇਆ

ਫੋਨ ਤੇ ਪੁੱਛੇ
ਵਿਦੇਸ਼ ਵਿਆਹੀ ਪੰਜਾਬਣ
ਖੀਰ ਦੀ ਰੈੱਸਪੀ

ਇਕ ਬਰਾਬਰ
ਤਾਇਆ ਬਾਪੂ ਚਾਚਾ
ਦਾਦੀ ਦਾ ਘਰ

ਮੀਂਹ ਵਰ੍ਹਿਆ-
ਇਕ ਵੀ ਬੂੰਦ ਸਾਂਭ ਨਾ ਸਕਿਆ
ਭਾਂਡਾ ਪਹਿਲਾਂ ਭਰਿਆ

ਓਪਰਿਆਂ ਵਿਚ ਆਕੇ
ਅਪਣੀ ਪਛਾਣ ਕਰਾਓਂਦਾ
ਨੇਮ ਪਲੇਟ ਲਗਾਕੇ

ਮਰੀਜ਼ ਆਈ ਸੀ ਯੂ –
ਵੇਟਿੰਗ ਹਾਲ 'ਚ ਰਿਸ਼ਤੇਦਾਰ
ਬੈਠੇ 'ਕੱਲੇ 'ਕੱਲੇ

ਛੱਡਿਆ ਗਰਾਂ–
ਰਿਸ਼ਤੇ ਤਿੱਥ ਤਿਓਹਾਰ
ਭੁੱਲੇ ਫੁੱਲਾਂ ਦੇ ਨਾਂ

ਕੰਮ ਨੂੰ ਜਾਂਦਾ ਪ੍ਰਵਾਸੀ
ਯਾਦ 'ਚ ਉੱਭਰੀ ਪਿੰਡ ਦੀ ਆਥਣ
ਵੇਖ ਪਰਿੰਦੇ ਮੁੜਦੇ

ਦਿਨ ਦਾ ਛਪਾਅ
ਬਾਤ ਪਤਾਓਣ ਨਾ ਦੇਵੇ ਬੇਬੇ
ਮਾਮਾ ਭੁੱਲਦਾ ਰਾਹ

ਨਿੱਕੀ ਲੈ ਲਈ ਚੁੰਮੀ
ਗੁੱਸੇ ਨਾਲ ਲਾਲੋ ਲਾਲ
ਖਿੜ ਖਿੜ ਹੱਸਦੀ ਮੰਮੀ

ਧੀ ਤੋਰ ਕੇ ਹਲਕੀ ਹੋਈ
ਮਾਂ ਘਰ ਦੇ ਖੂੰਜੇ
'ਕੱਲੀ ਬਹਿਕੇ ਰੋਈ

ਚੁੱਪ ਕਰਾਓਂਦੇ
ਇਕ ਦੂਜੇ ਨੂੰ ਮਾਂ ਧੀ ਪੁੱਤ
ਜਲ ਅਸਥੀਆਂ ਪੌਂਦੇ

ਬੱਚੇ ਅਤੇ ਮਾਪੇ
ਫੇਸਬੁੱਕ 'ਤੇ ਚੈਟਿੰਗ ਕਰਦੇ
ਇਕੋ ਘਰ ਵਿਚ ਬੈਠੇ

ਅੱਖ ਦਾ ਵਾਲ
ਬੇਬੇ ਕੱਢੇ ਥੁੱਕ ਲਾਕੇ
ਸੁੱਕੇ ਝੋਨੇ ਨਾਲ

ਭੱਤਾ ਲੈਕੇ ਆਈ ਰਾਣੀ
ਮੜਕ ਮੜਕ ਕੇ ਚੱਲੇ ਵੱਟ 'ਤੇ –
ਓਰਿਆਂ ਦੇ ਵਿਚ ਪਾਣੀ

ਖੇਡੇ ਬੱਚਿਆਂ ਨਾਲ –
ਪਾਰਕ ਦੇ ਵਿਚ ਪੀਂਘ ਝੂੱਟਦੀ
ਕਰਦੀ ਪਿੱਪਲ਼ ਯਾਦ

ਵੇਖੀ ਭੱਤਾ ਲੈਕੇ ਆਓਂਦੀ
ਚਮਕੀਆਂ ਹਾਕੂ ਦੀਆਂ ਅੱਖਾਂ
ਹੋਈ ਤਿੱਖੀ ਬਲਦ–ਚਾਲ

ਰੁੱਤ ਬਦਲੀ –
ਮੁੜੇ ਜਾਣ ਟਿਕਾਣੇ ਨੂੰ
ਪ੍ਰਵਾਸੀ ਪੰਛੀ

ਭੋਲੀ ਬੱਚੀ ਵਰਗੀ
ਸਾਰੀ ਰਾਤ ਚਿੰਬੜੀ ਰਹੀ
ਡੰਡੀ ਨਾਲ ਸੁੰਡੀ

ਬੱਚਿਆਂ ਦਾ ਮੋਹ –
ਮੋੜ ਲਿਆਇਆ ਘਰ
ਪ੍ਰਦੇਸ ਫਿਰਦੀਆਂ ਕੂੰਜਾਂ

ਵਣ ਮਹਾਂ-ਉਤਸਵ -
ਹੂਟਰਾਂ ਦੀ ਅਵਾਜ਼ ਸੁਣ
ਉਡ ਗਏ ਪੰਛੀ

ਕੰਡਿਆਂ ਵਿਚਕਾਰ
ਫਿਰ ਵੀ ਤਿਤਲੀ ਜਾ ਬੈਠੀ
ਖਿੜੇ ਫੁੱਲਾਂ 'ਤੇ

ਘਰ ਦਾ ਚੁਫੇਰਾ
ਭਰਿਆ ਤਿਤਲੀਆਂ ਨਾਲ-
ਖਿੜੀ ਪੈਂਜ਼ੀ

ਉਹ ਵਿਛੜੇ –
ਕਹਿਕੇ ਫੇਰ ਮਿਲਾਂਗੇ
ਨਵੇਂ ਪੱਤਿਆਂ ਦੀ ਰੁੱਤੇ

ਬੁੱਢੀਆਂ ਦਾ ਮਿਲਣ –
ਰੇਸਤੋਰਾਂ ਵਿਚ ਹਾਸੇ ਦੇ ਨਾਲ
ਗੂੰਜੇ ਬੀਥੋਵਨੀ ਧੁਨ

ਸਕੂਲ–ਪੁਸ਼ਾਕ
ਚਿੱਟੀ ਚੁੰਨੀ ਕੋਨੇ ਲਾਵੇ
ਬੇਬੇ ਰੰਗ ਦਾ ਟਿੱਕਾ

ਮਾਂ ਦਿਵਸ –
ਚਾੜ੍ਹੇ ਫੁੱਲ ਸਮਾਧ 'ਤੇ
ਬੱਚਾ ਯਤੀਮ

ਅੰਮ੍ਰਿਤ ਜ਼ਹਿਰ ਮਿਲੇ –
ਨਦੀ ਦੇ ਨਿਰਮਲ ਪਾਣੀ ਵਿਚ
ਸਨਅਤੀ ਮੈਲ਼ ਰਲ਼ੇ

ਵੇਹੜੇ ਦੀ ਵੰਡਾਈ –
ਸੂਰਜ ਦੀ ਰੋਸ਼ਨੀ ਪਰ
ਦੋਹੀਂ ਪਾਸੀਂ ਆਈ

ਵਗੀ ਠੰਡੀ  ਪੌਣ
ਐਨੀ ਗਰਮੀ ਬਾਅਦ ਸਵੇਰੇ –
ਕੋਇਲੇ ਨਾ ਜਗਾ ਗਾ ਕੇ

ਸੁੰਨੀ ਕੱਚੀ ਪਗਡੰਡੀ
ਜੰਗਲੀ ਘਾਹ ਨੇ ਢਕੀ –
ਸੜਕ ਤੋਂ ਲੰਘਦੇ ਲੋਕ

ਵਿਹੜਾ ਫੁੱਲਾਂ ਭਰਿਆ–
ਕਮਰੇ ਅੰਦਰ ਆਈ
ਸ਼ੀਸ਼ਿਆਂ ਰਾਹ ਬਸੰਤ

ਘਰੀਂ ਮੁੜਨ ਦਾ ਵੇਲਾ –
ਉਡਾਰੀ ਭਰਨ ਦੀ ਤਿਆਰੀ
ਚੋਗਾ ਚੁਗਦੀਆਂ ਚਿੜੀਆਂ

ਨਿੱਘ ਪਿਆਰ ਦੀ –
ਪੈਰੀਂ ਲੱਗ ਕੇ ਪਾਣੀ ਬਣਿਆ
ਘਾਹ ਤੇ ਪਿਆ ਕੋਹਰਾ

ਨਿੱਘਾ ਬੀਚ ਕਿਨਾਰਾ
ਠੰਡਾ ਨਹੀਂ ਹੋਇਆ ਸਾਗਰ ਵਿਚ
ਡੁੱਬਕੇ ਸੂਰਜ

ਭੁੱਲਿਆ ਚੋਗਾ
'ਕੱਠੇ ਕਰਦੇ ਤਿਣਕੇ ਪੰਛੀ
ਝੱਖੜੀ ਹਵਾ ਤੋਂ ਪਿਛੋਂ

ਸਿਆਲੂ ਰੁੱਤ
ਨਦੀ 'ਚ ਦਿਸਦਾ ਸੂਰਜ
ਪਾਣੀ ਅਜੇ ਵੀ ਸੀਤ

ਅਜੇ ਵੀ ਚਾਨਣ ਓਵੇਂ
ਦੀਵੇ ਦੀ ਜੜ ਲੱਗੀ ਬੱਤੀ
ਤੇਲ ਆਖ਼ਰੀ ਬੂੰਦ

ਹਵਾ–ਰੁਖ਼ ਬਦਲਿਆ
ਗਲੀ ਦੇ ਕੱਖਾਂ ਕੋਲ਼ ਪਹੁੰਚੇ
ਘਰ ਦੇ ਰੁੱਖ ਦੇ ਪੱਤੇ

ਰੁੱਖਾਂ ਦਿਓ ਪਰਿੰਦਿਓ
ਕੰਕਰੀਟੀ ਜੰਗਲ ਵਿਚ
ਕਿਧਰ ਗਈ ਮਧੁਰ ਅਵਾਜ਼

ਲੰਘ ਚੱਲੀ ਰੁੱਤ –
ਪੋਲਾ ਪੈ ਗਿਆ ਹਾਸਾ ਤੇ
ਧੀਮੀ ਪੈ ਗਈ ਤੋਰ

ਕੰਕਰੀਟ ਜੰਗਲ –
ਆਲ੍ਹਣਿਆ ਦੀ ਥਾਂ ਪੰਛੀ
ਲੱਕੜ–ਘਰਾਂ ਵਿਚ ਰਹਿੰਦੇ

ਸਿਆਲੂ ਰੁੱਤ –
ਧੁੰਦਲੇ ਬਾਰੀ ਦੇ ਸ਼ੀਸੇ ‘ਤੇ
ਲਿਖੇ ਉਸਦਾ ਨਾਂ

ਹੱਥ ਗਰਮਾਈਏ
ਇਕ ਦੂਜੇ ਦੇ ਹੱਥਾਂ ਵਿਚ –
ਦਿਲਾਂ ‘ਚ ਸਰਦੀ ਓਵੇਂ

ਵੇਹੜੇ ਚਹਿਕਦੀਓ
ਉਡਾਰੀ ਭਰਨ ਪਿੱਛੋਂ ਹੋਵੇਗੀ
ਫੇਰ ਕਦ ਮੁਲਾਕਾਤ ?

ਲੰਘ ਗਈ ਬਹਾਰ–
ਬਗ਼ੀਚੇ ਵਿਚ ਕਿਤੇ ਕਿਤੇ
ਅਜੇ ਵੀ ਪੁਰਾਣੇ ਫੁੱਲ

ਇਕੱਠੇ ਕਰਦਿਆਂ
ਬੁਗਨ ਵੇਲ ਦੇ ਫੁੱਲ –
ਹੱਥ ਕੰਡਿਆ ਨੇ ਪਾੜੇ

ਹਿੱਲੀ ਟੈਹਿਣੀ
ਲੱਗਿਆ ਹਵਾ ਦਾ ਬੁੱਲਾ ਆਇਆ
ਉੜਿਆ ਪੰਛੀ

ਖੁਸ਼ਬੂ ਚਾਰ ਚੁਫੇਰੇ
ਅਚਾਨਕ ਰੁਕ ਗਏ ਹੱਥ
ਬੂਟਾ ਫੁੱਲਾਂ ਭਰਿਆ

ਨਵੀਂਆਂ ਕਰੁੰਬਲਾਂ –
ਸਾਵਣ ਰੁੱਤੇ ਪਿਪਲਾਂ ਤੇ
ਕੁੜੀਆਂ ਝੂਟਣ ਆਈਆਂ

ਪੱਖਾ ਝੱਲੇ
ਹਵਾ ਮਰੀ ਪਸੀਨੇ ਭਿੱਜਿਆ
ਮੰਜਾ ਰੁੱਖ ਦੇ ਥੱਲੇ

ਅੱਸੂ ਦੀ ਪੁਰਵਾਈ
ਹੁੰਮਸ ਗਈ ਤੋਂ ਚਿਰੀਂ ਵਿਜੋਗਣ
ਮਾਹੀ ਗਲ਼ ਲਾਈ

ਨਿਕਲੀ ਧੁੱਪ
ਮੀਂਹ ਪਿਛੋਂ ਲਿਸ਼ਕਾਂ ਮਾਰਨ
ਧੋਤੇ ਧੋਤੇ ਰੁੱਖ

ਖ਼ਤ ਨਿੱਕੀ ਦਾ ਆਇਆ
ਬਾਬਲ ਅੱਖੀਂ ਹਰ ਸਤਰ ’ਤੇ
ਸਾਵਣ ਚੜ੍ਹ ਚੜ੍ਹ ਆਇਆ

ਬਹਾਰ–
ਤਾਜ਼ੀ ਖ਼ੁਸ਼ਬੂ ਨਾਲ ਭਰੇ ਫੁੱਲ
ਉਹਦੀ ਆਮਦ

ਭਾਂਤ ਸਭਾਂਤੇ ਰੰਗ
ਭਰ ਜੋਬਨ ਵਿਚ ਖਿੜੇ
ਬਸੰਤੀ ਬੂਟੇ ਫੁੱਲਾਂ ਭਰੇ

ਕੋਸ ਰਹੇ ਮਜ਼ਦੂਰ
ਕੀੜੇ ਮਕੌੜੇ ਮੱਛਰਾਂ ਅਤੇ
ਸਾਵਣੀ ਘਟਾਵਾਂ ਨੂੰ

ਪੱਤਿਆਂ ਚੋਂ ਚਾਨਣ ਝਰਿਆ
ਸੁੱਕਾ ਬਾਹਰ ਆਇਆ ਚੰਨ
ਬੱਦਲੀ ਹੇਠਾਂ ਵੜਿਆ

ਦਿਨ ਭਰ ਦੀ ਉਡਾਰੀ
ਆਪਣੇ ਆਪਣੇ ਆਲ੍ਹਣਿਆਂ ਵਿਚ
ਚਿੜੀਆਂ ਤੇ ਚਿੜੀ ਮਾਰ

ਚਰਖਾ ਪੀੜੀ ਨੇਹਾ ਮਧਾਣੀ
ਟੈਰਸ ਹੇਠ ਮਨਾਓਂਦੇ ਲੋਹੜੀ
ਬਾਲ਼ਕੇ ਲੱਕੜ ਪੁਰਾਣੀ

ਬੰਦ ਬੂਹਾ ਸੁੰਨਾ ਵੇਹੜਾ
ਚਿੜੀਆਂ–ਝੁੰਡ ਦਾ ਰੌਲ਼ਾ
ਬਿਨ ਚੋਗੇ ਦੇ ਉੜੀਆਂ

ਬਹਾਰ–
ਬੱਚੇ ਦੀ ਕਿਲਕਾਰੀ ਨਾਲ
ਘਰ ਦੇ ਜੀਆਂ ਦਾ ਹਾਸਾ

ਪੱਤਝੜ–
ਅੱਜ ਵੀ ਉਡਾ ਕੇ ਲੈ ਗਈ
ਡਿੱਗੇ ਪੱਤੇ ਚੇਤਰੀ ਹਵਾ

ਪੱਤਝੜ...
ਅਜ ਵੀ ਲੰਘਿਆ ਡਾਕੀਆ
ਬਿਨਾ ਬਜਾਏ ਘੰਟੀ

ਡੱਡੂ ਦੀ ਛਲਾਂਗ
ਪਾਣੀ ਵਿਚ ਰਲ਼ ਗੱਡ
ਅੰਬਰੀ ਅਕਸ

ਛਾਵਾਂ ਸੱਖਣਾ ਰੁੱਖ–
ਮੋਢੀਂ ਧਰਕੇ ਘਰੀਂ ਲਿਆਦਾ
ਬਾਲਣ ਬਣਕੇ ਮੱਚੇ

ਖਹਿਕੇ ਲੰਘੇ
ਹਰੇ ਸੁੱਕੇ ਰੁੱਖਾਂ ਵਿਚੋਂ
ਝੱਖੜੀ ‘ਵਾ ਚੇਤਰੀ

ਜਹਾਜ਼ੀ ਸਫ਼ਰ–
ਕਾਗ਼ਜ਼ ਤੇ ਵਾਹੀਆਂ ਲੀਕਾਂ
ਹੇਠਾਂ ਦਿਸਦੇ ਘਰ

ਕੰਮ ਵਰਗਾ ਲੱਗਦਾ
ਬਿਨਾ ਵਜਾਹ ਤੁਰਨਾ 'ਕੱਲੇ
ਸੁੰਨੀ ਸੜਕ ਤੇ

ਆਓਂਦੇ ਯਾਦ
ਅਪਣਿਆਂ ਨਾਲ ਗੁਜ਼ਾਰੇ ਦਿਨ-
ਡਿੱਗਦੇ ਪਤਝੜੀ ਪੱਤੇ

ਪ੍ਰਦੇਸੀਆਂ ਦੀ ਯਾਦ
ਸ਼ੀਸ਼ਿਆਂ ਚੋਂ ਵੇਖੀਏ ਉੱਡਦੇ
ਪੱਛੋਂ 'ਵਾ ਨਾਲ ਪੱਤੇ

ਸੁੰਨੀ ਸੜਕ ਸਾਥੀ
ਬਿਨਾ ਵਜਾਹ ਤੁਰੇ ਜਾਂਦੇ
'ਕੱਲੇ ਰਾਹੀ ਨੂੰ

ਪੀ ਕੂੰਡੇ 'ਚੋਂ ਪਾਣੀ
ਚਹਿਕੇ ਪੂਛ ਹਿਲਾਵੇ ਚਿੜੀ
ਬੈਠੀ ਰੁੱਖ ਦੀ ਟਾਹਣੀ

ਫਟਿਆ ਬੱਦਲ–
ਅੰਬਰ ਵੇਹੜੇ ਉਡਦੇ ਫਿਰਦੇ
ਰੂੰ ਦੇ ਗੋਹੜੇ

ਜਾਣੇ ਤੇ ਅਨਜਾਣੇ ਬੰਦੇ
ਆਲੇ ਦੁਆਲੇ ਫਿਰਦੇ –
ਅੰਬਰ ਉੱਡਦੇ ਪੰਛੀ

ਖ਼ੁਸ਼ਬੂ ਥੋੜੀ ਥੋੜੀ
ਸੁੰਨਾ ਪਹਾ ਦੁਪਾਸੀਂ ਸਰ੍ਹੋਂ
ਨਾਲ ਤੁਰੇ ਕੋਈ ਗੋਰੀ

ਖਾਲੀ ਆਲ੍ਹਣੇ
ਰਮਤੇ ਪੰਛੀਆਂ ਦਾ ਬਸੇਰਾ
ਕਿਸੇ ਹੋਰ ਰੁੱਖ ’ਤੇ

ਫੁੱਲਾਂ ਭਰੀਆਂ
ਸੁੱਕੇ ਰੁੱਖ 'ਤੇ ਲਿਪਟੀਆਂ
ਵੱਲਾਂ ਹਰੀਆਂ

ਪੱਤਝੜੀ ਰੁੱਤ –
ਵੇਹੜੇ ਬੈਠੀ ਚਾਦਰ ਉਤੇ
ਕੱਢੇ ਗੁਲਾਬੀ ਫੁੱਲ

ਚੇਤਰੀ ਗੜੇ–
ਕਿੰਨਾਂ ਇੱਕਲਾ ਕਿਰਸਾਨ
ਅਪਣੀ ਫ਼ਸਲ ਤੋਂ ਬਿਨਾ

ਵਗਦਾ ਦਰਿਆ
ਕੰਢੇ ਵਸਦੇ ਲੋਕ
ਕਿੰਨੇ ਨੇੜੇ ਕਿੰਨੇ ਦੂਰ

ਫੋਟੋ ਸੈਸ਼ਨ–
ਸੂਲੀ ਲਟਕਾਏ ਈਸਾ ਦੇ
ਕੀਤੇ ਗੂੜ੍ਹੇ ਲਹੂ ਨਿਸ਼ਾਨ

ਖਿਲਾਵੇ ਪੋਤਾ ਪੋਤੀ
ਨੂੰਹ ਨੇ ਲਿਆਕੇ ਦਿੱਤੀ ਐਨਕ
ਪੁੱਤ ਨੇ ਸੋਟੀ

ਠੰਡੀ ਤੇਜ਼ ਹਵਾ
ਵੇਹੜਾ ਭਰਿਆ ਉਡਕੇ ਆਏ
ਸੁੱਕੇ ਪੱਤਿਆਂ ਨਾਲ

ਫਿਰ ਨਾ ਪਾਏ ਫੇਰੇ
ਜਿਨ੍ਹਾਂ ਰੁੱਖਾਂ ਤੋਂ ਚੇਤਰੀ ਝੱਖੜ
ਪੰਛੀ-ਆਲ੍ਹਣੇ ਗੇਰੇ

ਸ਼ੂਕਦੀ ਅਵਾਜ਼-
ਬੱਟਨ ਦੱਬਿਆ ਤੁਰ ਪਿਆ
ਕੋਰੀ ਖਾਲ੍ਹ 'ਚ ਪਾਣੀ

ਸੀਤ ਪੁਰੇ ਦੀ 'ਵਾ
ਪਹਾੜੀ ਪਿਛੋਂ ਰਲ ਰਹੀ
ਵਿਚ ਕਿਰਣਾ ਦੀ ਭਾਅ

ਪੈਰੀਆਂ ਪਾਓਣ ਦੀ ਰੁੱਤੇ
ਰੋਹੀ–ਕਿੱਕਰਾਂ ਬਣਗੇ ਗੱਭਰੂ
ਮੱਚ ਮੱਚ ਕੇ ਧੁੱਪੇ

ਗੱਲ ਕਹਿ ਗਿਆ ਗੁੱਝੀ
ਸੁੱਤੀ ਪਈ ਦੇ ਗਲ਼ ਵਿਚ ਰਾਤੀਂ
ਸੱਜਨ ਦੀ ਗਾਨੀ ਚੁੱਭੀ

ਵਦੀ ਪੱਖ ਦੀ  ਰਾਤ
ਸਨਾਟੇ ਵਿਚ ਦੂਰੋਂ ਸੁਣੇ
ਕੁੱਤਾ ਰੋਣ ਦੀ ਅਵਾਜ਼

ਮਾਘ ਸੁਦੀ ਚੌਂਦੇਂ
ਬਾਰੀ  ਦੇ ਸ਼ੀਸ਼ੇ ਕੋਲ਼ੇ
ਖੜੀ ਕੇਸ ਸਵਾਰੇ

ਮੱਸਿਆ –
ਕਾਲੀ ਚੁੰਨੀ ਸਿਤਾਰੇ ਜੜੀ
ਦਿਵਾਲੀ ਦੀ ਰਾਤ

ਵੈਸਾਖੀ ਰੁੱਤ ਤਿਓਹਾਰ
ਪਿਰ ਦੀ ਕਰੇ ਉਡੀਕ ਇਕੱਲੀ
ਭਰ ਜੋਬਨ ਮੁਟਿਆਰ

ਗੁੱਟੀਂ ਆਪ ਸਜਾਈ
ਭੈਣ ਭੇਜੀ ਰੱਖੜੀ
ਵਿਚ ਡਾਕ ਦੇ ਆਈ

ਸਫ਼ਰ ਦਾ ਅੰਤ
ਅਜੇ ਵੀ ਥਾਂ ਨਾ ਛੱਡੇ
ਲਾਲਚੀ ਮੁਸਾਫ਼ਰ

ਛਟੀਆਂ ਪਈਆਂ ਬਰੂਹੀਂ
ਰੂੜੀ ਦੇ ਢੇਰ 'ਚ ਰੁਲ਼ਗੀ
ਪਿੰਡ 'ਚ ਜੱਦੀ ਖੂਹੀ

ਛਤਰੀ ਛੱਡ
ਐਨਟੀਨੇ ਤੇ ਬੈਠਾ
ਚੀਨਾ ਕਬੂਤਰ

ਸਭਿਆਚਾਰ ਸੁਮੇਲ–
ਇਕੋ ਪਿੜ ਵਿਚ ਚੋਗਾ ਚੁਗਦੇ
ਤਰ੍ਹਾਂ ਤਰ੍ਹਾਂ ਦੇ ਪੰਛੀ

ਪ੍ਰਾਰਥਨਾ-ਗੀਤ-ਨਾਚ
ਚਹਿਕਣ ਉੱਡਦੇ ਪੰਛੀ
ਝੱਖੜ ਬਾਅਦ ਖੇਡਦੇ ਬੱਚੇ

ਚਿੜੀਓ
ਹੋਲ਼ੀ ਕਰੋ ਅਪਣਾ ਗੀਤ
ਊਂਗਣ ਚੇਤਰੀ ਫੁੱਲ

ਗੱਡੀ ਤੁਰੀ
ਤਪਦੀ ਧਰਤੀ ਤੇ ਗਿਰੀਆਂ
ਗਰਮ ਬੂੰਦਾਂ

ਮਿਲੇ ਚਿਰਾਂ ਬਾਅਦ
ਧੁੰਧ ਦੀ ਕੰਧ
ਦੋਹਾਂ ਵਿਚਕਾਰ

ਟੇਢੀ ਚੁੰਝ 'ਤੇ ਅੱਖ
ਝਾਕੇ ਮੁੜ ਮੁੜ ਕਾਂ
ਲਟਕੀ ਸੁੰਨੀ ਰੋਟੀ

ਸਸਕਾਰ–
ਮੜ੍ਹੀਆਂ ਵਿਚ ਭਾਲਣ
ਕਿੱਥੇ ਖਾਲੀ ਥਾਂ

ਕੰਢੇ ਰੁੱਖ ਝੁਕੇ
ਵਗਦੇ ਦਰਿਆ 'ਚ ਦਿਸਦੇ
ਪਰਛਾਵੇਂ ਖੜੇ ਖੜੇ

ਚੰਨ ਨੇ ਗੋਤੀ ਮਾਰੀ
ਦੀਵਾ ਬਾਲ ਲੰਘਾਵੇ 'ਕੱਲੀ
ਲੰਮੀ ਰਾਤ ਸਿਆਲ਼ੀ

ਲਿਪਟ ਕੇ ਵੀ ਨਿਰਲੇਪ
ਫੁੱਲ ਰੰਗੀਆਂ ਤਿਤਲੀਆਂ
ਨੀ ! ਲਾਲਚੀ ਮਧੂ ਮੱਖੀਓ

ਲੰਮੇ ਸਾਹੀਂ ਖਿੱਚਦੇ
ਬੱਚੇ ਸਾਹੋ ਸਾਹ 'ਕੱਠੀ ਕਰਦੇ
ਫੁੱਲਾਂ ਦੀ ਖਿੰਡੀ ਖ਼ੁਸ਼ਬੂ

ਜਹਾਜ਼ ਦੀ ਛੋਟੀ ਉਡਾਨ
ਕਿੰਨਾ ਲੰਮਾ ਸਫ਼ਰ
ਬਿਨਾ ਜਾਣ ਪਹਿਚਾਨ

ਸੁੰਨੀ ਸਰਾਂ –
ਚੂਹੇ ਦੀ ਅਰਾਮਗਾਹ ਆਉਂਦੇ
ਕਦੇ ਕਦਾਈਂ ਰਾਹੀ (245 ਗੈਪ)

ਨਿੱਕੀ ਪੈਰੀਂ ਮੌਜੇ
ਭੱਜਦੀ ਅੱਗੇ ਪਿੱਛੇ ਦੌੜਨ
ਇੱਕੋ ਰੰਗੀਆਂ ਤਿਤਲੀਆਂ

ਝਾੜ਼ੇ 'ਕੱਠੇ ਕਰਦੀ
ਵੇਖੇ ਕੰਡਿਆਲ਼ੀ ਵਾੜ 'ਚੋਂ
ਉਡਦੀ ਤਿਤਲੀ

ਕਬਰ ਦਾ ਪੱਥਰ –
ਪੁੱਤਰ ਪੜ੍ਹੇ ਪਿਤਾ ਦੇ ਕੀਤੇ
ਲੰਮੇ ਸਫ਼ਰ ਦਾ ਅੰਤ

ਢੱਠਾ ਘਰ
ਬੂਹੇ ਦੀ ਝੀਥ 'ਚੋਂ ਲੰਘ ਕਤੂਰਾ
ਸਿਆਲੂ ਰਾਤ ਲੰਘਾਵੇ

ਜੱਦੀ ਜਾਇਦਾਦ ਦੇ ਹਿੱਸੇ
ਬਹਿਕੇ ਸਕੇ ਭਰਾਵਾਂ ਵੰਡੇ –
ਬੇਬੇ ਬਾਪੂ ਕਿਸਦੇ ?

ਫਾਦਰ ਡੇ ਗਿਫਟ
ਪੁਰਾਣਾ ਸੂਤੀ ਪਲੰਘ ਹਟਾ ਕੇ
ਦਿੱਤੀ ਨਵੀਂ ਵਾਣ ਦੀ ਮੰਜੀ

ਪੁਸ਼ਤੀ ਘਰ –
ਵਿਹੜੇ ਬੰਨ੍ਹੀ ਮੀਣੀ ਗਾਂ
ਤੇ ਮੁੱਠੀ ਸਿੰਗੇ ਨ੍ਹਾਰੇ

ਟੁੱਟਾ ਪੱਤਾ ਉੜਿਆ
ਪੈਰਾਂ ਦੇ ਥੱਲੇ ਆਇਆ
ਦਰ ਦਰ ਤੇ ਰੁਲ਼ਿਆ

ਭਾਂਤ ਸਭਾਂਤੇ ਪੱਤੇ
ਪੱਤਝੜ ਰੁੱਤੇ ਰੰਗ ਵੰਡਦੇ
ਗਿਰ ਗਿਰ ਹੋਏ 'ਕੱਠੇ

ਸਿਆਲੂ ਸ਼ਾਂਤ ਸਵੇਰ
ਸੁਣੇ ਅੰਦਰਲੇ ਸ਼ੋਰ ਦੀ ਗੂੰਜ
ਦੇਹਲੀ ਦੇ ਬਾਹਰ

ਬਿਜਲੀ ਦਾ ਲਿਸ਼ਕਾਰਾ –
ਨ੍ਹੇਰੇ ਕੋਠੇ ਦੇ ਵਿਚ ਬੈਠਾ
ਡਰਿਆ ਟੱਬਰ ਸਾਰਾ

ਨਵਾਂ ਸਾਲ ਕਲੰਡਰ
ਜਨਮ ਤਾਰੀਖ਼ੀਂ ਲਾਏ ਨਸ਼ਾਨੀ
ਨਾਲ ਲਕੀਰੇ ਬਰਸੀਆਂ

ਕੱਕਰੀ ਰੁੱਤ –
ਛਾਂ ਵਾਲਾ ਰੁੱਖ ਛਾਂਗ ਕੇ
ਓਟ 'ਚ ਬੈਠਾ ਸੇਕੇ ਧੁੱਪ

ਕੱਕਰੀ ਰੁੱਤ –
ਠੁਰ ਠੁਰ ਕਰਦੇ ਬੰਦੇ
ਬਿਨ ਪੱਤਿਆਂ ਦੇ ਰੁੱਖ

ਮਾਂ ਗਰਮੀ ਨਾਲ ਬੇਹਾਲ –
ਰਜਾਈ 'ਚ ਬੈਠਾ ਪੁੱਤ ਪਰਦੇਸੋਂ
ਦੱਸੇ ਠੰਡ ਦਾ ਹਾਲ

ਰੋਂਦਾ ਬਾਲ ਇਆਣਾ
ਕੰਮ 'ਚ ਰੁੱਝੀ ਬੇਬੇ
ਸੁੱਤਾ ਭੁੱਖਾ ਭਾਣਾ

ਦੁਲਹਣ ਸਿਰ ਫੁਲਕਾਰੀ –
ਫੱਗਣੀ ਫੁੱਲਾਂ ਨਾਲ ਸਜ ਗਈ
ਧਰਤ ਸੁਹਾਗਣ ਸਾਰੀ

ਸੁਰ–ਸੰਗਮ–ਅਵਾਜ਼–
ਤੌਲੇ ਵਿਚ ਮਧਾਣੀ ਫਿਰਦੀ
ਛਣਕੇ ਚੂੜੇ ਵਾਲੀ ਬਾਂਹ

ਨਵੀ ਰੁੱਤ ਦਾ ਫੇਰ–
ਵ਼ਕਤ ਬਦਲਦੀ ਘੜੀ ਦਾ
ਓਹੀ ਪੁਰਾਣਾ ਗੇੜ

ਆਈ ਸੋਕਾ ਰੁੱਤ –
ਘਰਦੀਆਂ ਫਸਲਾਂ ਮੱਚੀਆਂ
ਪ੍ਰਦੇਸੀਂ ਤੁਰ ਗਏ ਪੁੱਤ

ਸਮੁੰਦਰੀ ਛੱਲ –
ਤੁਰ ਗਏ ਦੀ ਯਾਦ ਨਾਲ
ਭਰ ਆਈ ਅੱਖ

ਖਿੰਡੀਆਂ ਖਿੱਲਾਂ–
ਹਸਦੀ ਭੱਠੀ ਵਾਲੀ ਦੇ
ਚਮਕੇ ਦੰਦ

ਸਿਆਲੂ ਕੱਕਰੀ ਰੁੱਤੇ
ਛਾਂ ਵਾਲਾ ਰੁੱਖ ਛਾਂਗਦਾ
ਬੈਠਣ ਦੇ ਲਈ ਧੁੱਪੇ

ਹਾਇਕੂ ਬੋਲ ਉਚਾਰੇ–
ਅੰਮ੍ਰਿਤ ਵੇਲਾ ਠੰਡੀ ’ਵਾ ਵਿਚ
ਰਲ਼ੇ ਪੰਛੀਆਂ–ਬੋਲ

ਚੇਤਰ ਧੁੱਪ ਚੜ੍ਹੀ
ਖੜੀ ਚੁੰਨੀ ਦਾ ਪੱਲਾ ਕਰਕੇ
ਬੀਬੀ ਗੋਦ ਭਰੀ

ਲਹਿੰਦੇ ਦੀ ਲਿਸ਼ਕੋਰ–
ਮੁੱਛਾਂ ਨੂੰ ਵੱਟ ਦੇਵੇ ਬਾਬਾ
ਸਿਰ 'ਤੇ ਪੱਗ ਸਜਾਕੇ

ਗਹਿਰੀ ਬੱਦਲਵਾਈ
'ਨ੍ਹੇਰੀ ਰਾਤ 'ਚ ਚਮਕਿਆ ਜੁਗਨੂੰ
ਯਾਦ ਸੱਜਣ ਦੀ ਆਈ

ਬਨੇਰੇ ਘੁੱਗੀ ਦੀ ਘੂੰ ਘੂੰ
ਛੁੱਟੀ ਆਇਆ ਫੌਜੀ ਰੁੱਝਾ
ਫੌਜਣ ਦੇ ਨਾਲ ਗੱਲੀਂ

ਹਾੜ 'ਚ ਮੇਘਾ ਵਰ੍ਹਿਆ
ਚਿੱਠੀ ਪੜਦੇ ਧਰਤੀ ਉੱਤੇ
ਕੋਸਾ ਪਾਣੀ ਗਿਰਿਆ

ਸੌਣ ਘਟਾ ਚੜ੍ਹ ਆਈ–
ਚਿੱਠੀ ਦੇ ਵਿਚ ਲਿਖਤਾ ਫੌਜੀ
ਛੁੱਟੀ ਅੱਗੇ ਪਾਈ

ਬੋਟ ਆਲ੍ਹਣੇ ਸੁੰਨੇ
ਹਾੜੀ ਦਾ ਵੱਢ ਦਾਣੇ ਚੁਗਦੇ
ਮੀਆਂ ਬੀਵੀ 'ਕੱਠੇ

ਪੁਰਬ ਕੁੰਭ ਦਾ ਆਇਆ
ਪਾਣੀ ਦੀ ਬਾਰੀ ਖਾਲ ਤੇ ਬੈਠਾ
ਪੈਰਾਂ ਦੀ ਮੈਲ਼ ਉਤਾਰੇ

ਚੜੀ ਥੋਹਰ ਦੇ ਉੱਤੇ
ਜੰਗਲੀ ਵੇਲ ਤੇ ਲਟਕਣ ਤਾਜ਼ੇ
ਨਵੇਂ ਫੁੱਲਾਂ ਦੇ ਗੁੱਛੇ

ਅੰਬਰ ਨਿਕਲੇ ਤਾਰੇ
ਬੱਚਿਆਂ ਨੇ ਝੁਰਮਟ ਪਾਇਆ
ਨਵਜੰਮੀ ਦੇ ਦੁਆਲੇ

ਬਾਗੀਂ ਚਹਿਕੇ ਮੋਰ
ਗੋਰੀ ਨ੍ਹਾ ਕੇ ਅੰਬ ਦੇ ਹੇਠਾਂ
ਗਿੱਲੇ ਕੇਸ ਸੁਕਾਵੇ

ਕੱਢਿਆ ਦੱਗੀ 'ਚੋਂ ਗੱਡਾ–
ਸੱਥ 'ਚ ਵੰਡੇ ਗੁੜ ਦੀ ਰੋੜੀ
ਪਾਸ ਹੋਗਿਆ ਮੁੰਡਾ

ਆਥਣ ਵੇਲਾ –
ਬਾਬੇ ਉਂਗਲ ਲੱਗਿਆ ਪੋਤਾ
ਵੇਖੇ ਡੁੱਬਦਾ ਸੂਰਜ

ਜੀਵ ਜੰਤੂਆਂ ਦੀ ਚਿਤਾ ਬਣਾਕੇ–
ਨਵੀਂ ਫਸਲ ਦੀ ਤਿਆਰੀ ਕਰਦਾ
ਫੂਸ ਨੂੰ ਅੱਗ ਲਗਾ ਕੇ

ਵੇਖਣ ਜਾਵੇ ਮੇਖ–
ਪੱਕੀ ਕਣਕ ਦਾ ਚਾਅ ਮਰਿਆ
ਕਿਸ਼ਤ ਦੀ ਪਰਚੀ ਵੇਖ

ਧੀ ਨੂੰ ਮਿਲਕੇ ਵੱਖ ਹੋਏ
ਮਾਂ ਦੇ ਨੈਣੀ ਝੜੀਆਂ
ਪਿਓ ਦੇ ਗਿੱਲੇ ਕੋਏ

ਹਸਪਤਾਲ-ਵੇਟਿੰਗ ਹਾਲ
ਅਵਾਜ਼ ਕਿਸੇ ਇਕ ਲਈ
ਜਾਗਣ ਸਾਰੇ ਰਿਸ਼ਤੇ ਦਾਰ

ਉੱਡਦੀ ਤਿਤਲੀ-
ਫੁੱਲਾਂ ਵਾਲੇ ਸੂਟ 'ਚ ਜੱਟੀ
ਹਰੇ ਖੇਤ ਵਿਚ ਫਿਰਦੀ

ਚੰਨ ਦੂਜ ਦਾ ਚੜ੍ਹਿਆ–
ਆਥਣ ਵਾਲੀ ਗੱਡੀ ਉਤੇ
ਫੌਜੀ ਘਰ ਮੁੜਿਆ

ਕੰਵਲਾਂ ਉਤੇ ਖੇੜਾ–
ਚੜ੍ਹਦੇ ਵਾਲੀ ਢਾਬ 'ਤੇ
ਹੰਸਾਂ ਦਾ ਡੇਰਾ

ਪੁੱਤਰ ਮੁੜਿਆ ਘਰ
ਬੱਦਲਾਂ ਹੇਠਾਂ ਡੁੱਬਦੇ ਸੂਰਜ
ਫਿਰ ਮਾਰੀ ਲਿਸ਼ਕੋਰ

ਉੜਨਾ ਕਿਹੜੇ ਪਾਸੇ ?
ਗਰਦਨ ਮੋੜ ਮੋੜ ਵੇਖਣ
ਚਿੜੀਆਂ ਚਾਰ ਚੁਫੇਰੇ

ਲੰਮੇ ਸਫ਼ਰ ਦੀ ਤਿਆਰੀ
ਤਾਰ 'ਤੇ ਬੈਠੀਆਂ ਚਿੜੀਆਂ
'ਕੱਠੀ ਭਰੀ ਉਡਾਰੀ

## ਲੇਖਕ ਬਾਰੇ

- ਜਨਮ 1941, ਪਿੰਡ ਜੱਸੋਵਾਲ ਤਹਿਸੀਲ ਅਤੇ ਜ਼ਿਲ੍ਹਾਂ ਪਟਿਆਲਾ।
- ਭੂਤਵਾੜੇ ਦੀ ਪਹਿਲੀ ਪੀੜ੍ਹੀ ਦਾ ਮੈਂਬਰ।
- ਪ੍ਰਾਇਮਰੀ ਸਕੂਲ ਸਿੱਧੂਵਾਲ ਤੋਂ ਚੌਥੀ।
- ਬੀ.ਐੱਨ. ਖਾਲਸਾ ਪੌਲੀਟੈੱਕਨਿਕ ਪਟਿਆਲਾ ਤੋਂ ਦੱਸਵੀਂ।
- ਮਹਿੰਦਰਾ ਕਾਲਜ ਪਟਿਆਲਾ ਤੋਂ ਬੀ.ਏ.।
- ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਐਮ.ਏ. ਦੀ ਡਿਗਰੀ ਹਾਸਲ ਕੀਤੀ।
- 1968 ਤੋਂ 1970 ਤੱਕ ਪੰਜਾਬੀ ਯੂਨੀਵਰਸਿਟੀ ਵਿਚ ਰਿਸਰਚ ਕੀਤੀ।
- 1973 ਵਿਚ ਐਮ.ਲਿਟ. ਦੀ ਡਿਗਰੀ ਪਰਦਾਨ ਹੋਈ।
- 1970 ਤੋਂ 1999 ਤੱਕ ਕਾਲਜ ਵਿਚ ਅਧਿਆਪਨ ਕਰਦੇ ਰਹੇ।
- ‘ਸੁੱਕੇ ਰੁੱਖ ਹਰੇ ਪਰ੍ਛਾਵੇਂ’, ‘ਪੁੱਠ ਕੰਡਿਆ ਦਾ ਦੇਸ’ (ਕਵਿਤਾ), ਨਾਟਕਕਾਰ ਹਰਚਰਨ ਸਿੰਘ (ਆਲੋਚਨਾ), ‘ਪਲ ਛਿਣ’(ਹਾਇਕੂ) ਇਸੇ ਕਲਮ ਤੋਂ ਰਚਨਾਵਾਂ ਹਨ।

– ਪ੍ਰੋ. ਦਰਬਾਰਾ ਸਿੰਘ